Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol :4 : # ਅੰਕ 172 18/11/2025 www.samajweekly.com samajweekly @samajweekly samajweekly

ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਸੁਣਾਈ ਫ਼ਾਂਸੀ ਦੀ ਸਜ਼ਾ

ਮਨੁੱਖਤਾ ਵਿਰੁੱਧ 5 ਅਪਰਾਧਾਂ 'ਚ ਸ਼ੇਖ ਹਸੀਨਾ ਸੀ ਦੋਸ਼ੀ ਕਰਾਰ

ਬੰਗਲਾਦੇਸ਼। ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਢਾਕਾ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਉਨ੍ਹਾਂ ਨੂੰ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਦੋਸ਼ੀ ਪਾਇਆ। ਟ੍ਰਿਬਿਊਨਲ ਨੇ ਉਨ੍ਹਾਂ ਨੂੰ 2024 ਦੇ ਵਿਦਿਆਰਥੀ ਅੰਦੋਲਨ ਦੌਰਾਨ ਹੋਏ ਕਤਲਾਂ ਦਾ ਮਾਸਟਰਮਾਈਂਡ ਦੱਸਿਆ। ਸ਼ੇਖ ਹਸੀਨਾ ਨੂੰ ਦੋ ਦੋਸ਼ਾਂ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਹੈ: ਕਤਲ ਲਈ ਉਕਸਾਉਣਾ ਅਤੇ ਕਤਲ ਦਾ ਆਦੇਸ਼ ਦੇਣਾ। ਅਦਾਲਤ ਨੇ ਦੂਜੇ ਦੋਸ਼ੀ, ਸਾਬਕਾ ਗ੍ਰਹਿ ਮੰਤਰੀ

ਅਸਦੁਜ਼ਮਾਨ ਖਾਨ ਨੂੰ ਵੀ 12 ਲੋਕਾਂ ਦੇ ਕਤਲ ਦਾ ਦੋਸ਼ੀ ਪਾਇਆ ਅਤੇ ਉਸਨੂੰ ਮੌਤ ਦੀ ਸਜ਼ਾ ਸੁਣਾਈ। ਤੀਜੇ ਦੋਸ਼ੀ, ਸਾਬਕਾ ਆਈਜੀਪੀ ਅਬਦੁੱਲਾ ਅਲ-ਮਾਮੂਨ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਾਮੂਨ ਸਰਕਾਰੀ ਗਵਾਹ ਬਣ ਗਿਆ ਹੈ।ਅਦਾਲਤ ਨੇ ਸ਼ੇਖ ਹਸੀਨਾ ਅਤੇ ਅਸਦੁਜ਼ਮਾਨ ਕਮਾਲ ਦੀਆਂ ਬੰਗਲਾਦੇਸ਼ੀ ਜਾਇਦਾਦਾਂ ਜ਼ਬਤ ਕਰ ਲਈਆਂ ਹਨ। ਸ਼ੇਖ ਹਸੀਨਾ ਅਤੇ ਅਸਦੁਜ਼ਮਾਨ ਕਮਾਲ ਫਰਾਰ ਹਨ। ਹਸੀਨਾ ਅਤੇ ਅਸਦੁਜ਼ਮਾਨ ਦੋਵੇਂ ਪਿਛਲੇ 15 ਮਹੀਨਿਆਂ ਤੋਂ ਭਾਰਤ ਵਿੱਚ ਰਹਿ ਰਹੇ ਹਨ।

ਸਾਊਦੀ ਅਰਬ ਵਿੱਚ 42 ਭਾਰਤੀਆਂ ਦੀ ਮੌਤ, ਡੀਜ਼ਲ ਟੈਂਕਰ ਨਾਲ ਟਕਰਾਈ ਬੱਸ

ਮ੍ਰਿਤਕਾਂ ਵਿਚ 20 ਔਰਤਾਂ ਤੇ 11 ਬੱਚੇ ਸ਼ਾਮਲ

ਨਵੀਂ ਦਿਲੀ। ਸਾਊਦੀ ਅਰਬ ਵਿੱਚ ਇੱਕ ਭਿਆਨਕ ਸੜਕ ਹਾਦਸੇ ਵਿੱਚ 42 ਭਾਰਤੀਆਂ ਦੀ ਮੌਤ ਹੋ ਗਈ ਜਦੋਂ ਮੱਕਾ ਤੋਂ ਮਦੀਨਾ ਜਾ ਰਹੀ ਬੱਸ ਇੱਕ ਡੀਜ਼ਲ ਟੈਂਕਰ ਨਾਲ ਟਕਰਾ ਗਈ ਅਤੇ ਅੱਗ ਲੱਗ ਗਈ। ਮ੍ਰਿਤਕਾਂ ਵਿੱਚ 20 ਔਰਤਾਂ ਅਤੇ 11 ਬੱਚੇ ਸ਼ਾਮਲ ਹਨ। ਰਿਪੋਰਟਾਂ ਅਨੁਸਾਰ, ਹਾਦਸੇ ਵਿੱਚ ਸਿਰਫ਼ ਬੱਸ ਡਰਾਈਵਰ ਹੀ ਬਚਿਆ। ਮ੍ਰਿਤਕਾਂ ਵਿੱਚੋਂ ਜ਼ਿਆਦਾਤਰ ਹੈਦਰਾਬਾਦ ਦੇ ਦੱਸੇ ਜਾ ਰਹੇ ਹਨ। ਇਹ ਹਾਦਸਾ ਮਦੀਨਾ ਤੋਂ ਲਗਭਗ 160 ਕਿਲੋਮੀਟਰ ਦੂਰ ਮੁਹਰਸ ਦੇ ਨੇੜੇ ਭਾਰਤੀ ਸਮੇਂ ਅਨੁਸਾਰ ਲਗਭਗ 1:30 ਵਜੇ ਵਾਪਰਿਆ। ਉਸ ਸਮੇਂ ਬਹੁਤ ਸਾਰੇ ਯਾਤਰੀ ਸੁੱਤੇ ਪਏ ਸਨ ਅਤੇ ਉਨ੍ਹਾਂ ਨੂੰ ਬਚਣ ਦਾ ਕੋਈ ਮੌਕਾ ਨਹੀਂ ਮਿਲਿਆ। ਤੇਲੰਗਾਨਾ ਸਰਕਾਰ ਨੇ ਕਿਹਾ ਹੈ ਕਿ ਉਹ ਰਿਆਧ ਵਿੱਚ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਹੈ। ਸੂਬਾ ਸਰਕਾਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਰੇਵੰਤ ਰੈੱਡੀ ਨੇ ਦਿੱਲੀ ਵਿੱਚ ਮੌਜੂਦ ਅਧਿਕਾਰੀਆਂ ਨੂੰ ਦੂਤਾਵਾਸ ਨਾਲ ਨੇੜਿਓਂ ਤਾਲਮੇਲ ਕਰਨ ਅਤੇ ਪੀੜਤਾਂ ਦੀ ਪਛਾਣ ਅਤੇ ਹੋਰ ਰਸਮੀ ਕਾਰਵਾਈਆਂ ਵਿੱਚ ਮਦਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚੋਂ ਬਾਰਾਂ ਭਾਰਤੀ ਪੀੜਤਾਂ ਦੀ ਪਛਾਣ ਹੋ ਗਈ ਹੈ। ਉਨ੍ਹਾਂ ਵਿੱਚ ਅਬਦੁਲ ਮੁਹੰਮਦ, ਮੁਹੰਮਦ ਮੌਲਾਨਾ, ਸੋਹੇਲ ਮੁਹੰਮਦ, ਮਸਤਾਨ ਮੁਹੰਮਦ, ਪਰਵੀਨ ਬੇਗਮ, ਜ਼ਕੀਆ ਬੇਗਮ, ਸ਼ੌਕਤ ਬੇਗਮ, ਫਰਹੀਨ ਬੇਗਮ, ਜ਼ਹੀਨ ਬੇਗਮ, ਮੁਹੰਮਦ ਮੰਜ਼ੂਰ, ਮੁਹੰਮਦ ਅਲੀ, ਗੌਸੀਆ ਬੇਗਮ ਸ਼ਾਮਲ ਹਨ। ਜੇਦਾਹ ਵਿੱਚ ਭਾਰਤੀ ਦੂਤਾਵਾਸ ਨੇ ਇੱਕ ਹੈਲਪਲਾਈਨ ਜਾਰੀ ਕੀਤੀ ਹੈ। ਦੂਤਾਵਾਸ ਨੇ ਕਿਹਾ, "ਸਾਊਦੀ ਅਰਬ ਦੇ ਮਦੀਨਾ ਨੇੜੇ

ਭਾਰਤੀ ਉਮਰਾਹ ਯਾਤਰੀਆਂ ਨਾਲ ਹੋਏ ਦੁਖਦਾਈ ਬੱਸ ਹਾਦਸੇ ਦੇ ਮੱਦੇਨਜ਼ਰ, ਜੇਦਾਹ ਦੇ ਭਾਰਤੀ ਕੌਂਸਲੇਟ ਜਨਰਲ ਵਿਖੇ ਇੱਕ 24ਣ7 ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਹੈਲਪਲਾਈਨ ਸੰਪਰਕ ਵੇਰਵੇ 8002440003 ਹਨ।" ਇਸ ਘਟਨਾ ਤੋਂ ਬਾਅਦ, ਤੇਲੰਗਾਨਾ ਸਰਕਾਰ ਨੇ ਸਕੱਤਰੇਤ ਵਿਖੇ ਪਰਿਵਾਰਾਂ ਲਈ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਤਾਂ ਜੋ ਉਹ ਆਪਣੇ ਅਜ਼ੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ। ਪਰਿਵਾਰਕ ਮੈਂਬਰ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ: 79979-59754 ਅਤੇ 99129-19545। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਸੋਸ਼ਲ ਮੀਡੀਆ ਪੋਸਟ ਵਿਚ ਲਿਖਿਆ ਕਿ ਰਿਆਧ ਵਿੱਚ ਕੌਂਸਲੇਟ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਿਹਾ ਹੈ। "ਮਦੀਨਾ ਵਿੱਚ ਭਾਰਤੀ ਨਾਗਰਿਕਾਂ ਨਾਲ ਹੋਈ ਇਸ ਦੁਖਾਂਤ ਤੋਂ ਮੈਂ ਬਹੁਤ ਦੁਖੀ ਹਾਂ। ਮ੍ਰਿਤਕਾਂ ਦੇ ਪ੍ਰਵਾਰਾਂ ਨਾਲ ਮੇਰੀਆਂ ਸੰਵੇਦਨਾਵਾਂ। ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦੇ ਹਾਂ। ਸਾਡੇ ਅਧਿਕਾਰੀ ਸਾਊਦੀ ਅਰਬ ਦੇ ਅਧਿਕਾਰੀਆਂ ਦੇ ਸੰਪਰਕ ਵਿੱਚ ਹਨ।"

ਪੰਜਾਬ ਵਿੱਚ ਠੰਢ ਨੇ ਛੇੜਿਆ ਕਾਂਬਾ, ਤਾਪਮਾਨ 5 ਡਿਗਰੀ ਸੈਲਸੀਅਸ ਘਟਿਆ

ਫਰੀਦਕੋਟ। ਪੰਜਾਬ ਵਿੱਚ ਮੌਸਮ ਬਦਲ ਰਿਹਾ ਹੈ। ਪਹਾੜਾਂ ਤੋਂ ਚੱਲ ਰਹੀਆਂ ਠੰਢੀਆਂ ਹਵਾਵਾਂ ਕਾਰਨ ਤਾਪਮਾਨ ਲਗਾਤਾਰ ਡਿੱਗ ਰਿਹਾ ਹੈ। ਪਿਛਲੇ 24 ਘੰਟਿਆਂ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ 0.5 ਡਿਗਰੀ ਸੈਲਸੀਅਸ ਘਟ ਗਿਆ ਹੈ। ਕਈ ਦਿਨਾਂ ਤੋਂ ਘੱਟੋ-ਘੱਟ ਤਾਪਮਾਨ ਆਮ ਨਾਲੋਂ ਘੱਟ ਰਿਹਾ ਹੈ, ਜਿਸ ਕਾਰਨ ਸੂਬੇ ਵਿੱਚ ਘੱਟੋ-ਘੱਟ ਤਾਪਮਾਨ ਹੁਣ 5 ਡਿਗਰੀ ਸੈਲਸੀਅਸ ਦੇ ਆਸ-ਪਾਸ ਪਹੁੰਚ ਗਿਆ ਹੈ। ਮੌਸਮ ਵਿਭਾਗ ਦੇ ਅਨੁਸਾਰ, ਸੂਬੇ ਭਰ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਦੇ ਆਸ-ਪਾਸ ਰਿਹਾ। ਮਾਨਸਾ ਸਭ ਤੋਂ ਗਰਮ ਸਥਾਨ ਰਿਹਾ, ਜਿੱਥੇ ਵੱਧ ਤੋਂ ਵੱਧ ਤਾਪਮਾਨ 29.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਔਸਤ ਘੱਟੋ-ਘੱਟ ਤਾਪਮਾਨ ਵਿੱਚ ਕੋਈ ਬਦਲਾਅ ਨਹੀਂ ਆਇਆ, ਪਰ ਇਹ ਆਮ ਨਾਲੋਂ 2.5 ਡਿਗਰੀ ਸੈਲਸੀਅਸ ਘੱਟ ਸੀ। ਫਰੀਦਕੋਟ 5.6 ਡਿਗਰੀ ਸੈਲਸੀਅਸ ਨਾਲ ਸਭ ਤੋਂ ਠੰਢਾ ਜ਼ਿਲ੍ਹਾ ਰਿਹਾ। ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਇਸ ਹਫ਼ਤੇ ਮੀਂਹ ਨਹੀਂ ਪਵੇਗਾ। ਮੌਸਮ ਵਿਭਾਗ ਨੇ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਹੈ ਕਿ ਸੂਬੇ ਵਿੱਚ ਕਿਤੇ ਵੀ ਮੀਂਹ ਦੀ ਸੰਭਾਵਨਾ ਨਹੀਂ ਹੈ। 20 ਨਵੰਬਰ ਤੱਕ ਉੱਤਰੀ ਅਤੇ ਪੂਰਬੀ ਜ਼ਿਲ੍ਹਿਆਂ ਵਿੱਚ ਤਾਪਮਾਨ 24-26°C ਅਤੇ ਬਾਕੀ ਪੰਜਾਬ ਵਿੱਚ 26-28°C ਦੇ ਵਿਚਕਾਰ ਰਹਿਣ ਦੀ ਉਮੀਦ ਹੈ। ਕੁੱਲ ਮਿਲਾ ਕੇ, ਵੱਧ ਤੋਂ ਵੱਧ ਤਾਪਮਾਨ ਆਮ ਦੇ ਨੇੜੇ ਰਹੇਗਾ। ਉੱਤਰੀ ਅਤੇ ਦੱਖਣ-ਪੱਛਮੀ ਖੇਤਰਾਂ ਵਿੱਚ ਘੱਟੋ-ਘੱਟ ਤਾਪਮਾਨ 6-8°C ਅਤੇ ਹੋਰ ਖੇਤਰਾਂ ਵਿੱਚ 8-10°C ਤੱਕ ਰਹਿਣ ਦੀ ਉਮੀਦ ਹੈ। ਜ਼ਿਆਦਾਤਰ ਖੇਤਰਾਂ ਵਿੱਚ ਘੱਟੋ-ਘੱਟ ਤਾਪਮਾਨ ਆਮ ਨਾਲੋਂ ਘੱਟ ਰਹਿਣ ਦੀ ਉਮੀਦ ਹੈ, ਜਦੋਂ ਕਿ ਕੁਝ ਕੇਂਦਰੀ ਅਤੇ ਪੂਰਬੀ ਜ਼ਿਲ੍ਹਿਆਂ ਵਿੱਚ ਇਹ ਆਮ ਦੇ ਨੇੜੇ ਰਹਿਣ ਦੀ ਉਮੀਦ ਹੈ। ਹੁਣ ਠੰਢੀਆਂ ਹਵਾਵਾਂ ਮਹਿਸੂਸ ਕੀਤੀਆਂ ਜਾ ਰਹੀਆਂ ਹਨ ਅਤੇ ਅਗਲੇ ਇੱਕ ਹਫ਼ਤੇ ਤੱਕ ਪੰਜਾਬ ਵਿੱਚ ਖੁਸ਼ਕ ਅਤੇ ਹਲਕਾ ਠੰਢਾ ਮੌਸਮ ਰਹਿਣ ਦੀ ਸੰਭਾਵਨਾ ਹੈ।

CHANGE OF NAME

I, **Mrs Vinita** W/O Mr Ravinder Singh whose permanent address in India is Vill. Fazalwal, PO. Bagga, Teh. Shahkot, Jalandhar, Pin: 144702, Punjab, India and is now living at 137 Greville Road Warwick CV34 5PL, UK hereby gives notice of my intention to change my name to **VINITA SHARMA** subject to the approval of The High Commission of India, London.

ਪੀਆਰਟੀਸੀ ਤੇ ਪਨਬੱਸ ਮੁਲਾਜ਼ਮਾਂ ਦੀ ਹੜਤਾਲ ਮੁਲਤਵੀ

ਪਟਿਆਲਾ। ਸਰਕਾਰ ਵੱਲੋਂ ਕਿਲੋਮੀਟਰ ਸਕੀਮ ਸਬੰਧੀ ਟੈਂਡਰ ਖੋਲਣ ਦਾ ਪ੍ਰੋਗਰਾਮ ਮੁਲਤਵੀ ਕਰਨ 'ਤੇ ਪੀਆਰਟੀਸੀ ਅਤੇ ਪਨਬਸ ਵਰਕਰ ਯੂਨੀਅਨ ਨੇ ਅਣਮਿਥੇ ਸਮੇਂ ਦੀ ਹੜਤਾਲ ਵੀ ਟਾਲ ਦਿੱਤੀ ਹੈ। ਉਂਝ ਟੈਂਡਰ ਖੋਲ੍ਹਣ ਦੇ ਪ੍ਰੋਗਰਾਮ ਨੂੰ ਮੁਖ ਰੱਖਦਿਆਂ ਪੀਆਰਟੀਸੀ ਅਤੇ ਪਨਬਸ ਵਰਕਰ ਯੂਨੀਅਨ ਨੇ ਅੱਜ 12 ਤੋਂ 5 ਵਜੇ ਤੱਕ ਹੜਤਾਲ ਰੱਖੀ। ਇਸ ਦੌਰਾਨ ਪੰਜਾਬ ਭਰ ਦੇ ਵੱਡੇ ਬੱਸ ਅੱਡਿਆਂ ਦੀ ਤਾਲਾਬੰਦੀ ਕਰਕੇ ਵਰਕਰਾਂ ਨੇ ਗੇਟ ਰੈਲੀਆਂ ਕੀਤੀਆਂ ਜਿਸ ਦੌਰਾਨ ਬੱਸਾਂ ਦਾ ਚੱਕਾ ਜਾਮ ਰਿਹਾ ਤੇ ਇਸ ਕਰਕੇ

ਬੱਸ ਮੁਸਾਫਰਾਂ ਨੂੰ ਤਾਂ ਖਾਸੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਥਾਂ ਥਾਂ 'ਤੇ ਟਰੈਫਿਕ ਜਾਮ ਹੋਣ ਕਾਰਨ ਰਾਹਗੀਰਾਂ ਨੂੰ ਵੀ ਵੱਡੀਆਂ ਦਿੱਕਤਾਂ ਆਈਆਂ। ਯੂਨੀਅਨ ਦੇ ਸੂਬਾਈ ਬੁਲਾਰੇ ਹਰਕੇਸ਼ ਵਿੱਕੀ ਪਟਿਆਲਾ ਦਾ ਕਹਿਣਾ ਸੀ ਕਿ ਸਰਕਾਰ ਵੱਲੋਂ ਟੈਂਡਰ ਖੋਲ੍ਹਣ ਦਾ ਪ੍ਰੋਗਰਾਮ ਹੁਣ 2 ਦਸੰਬਰ 'ਤੇ ਪਾ ਦਿੱਤਾ ਗਿਆ ਹੈ ਜਿਸ ਕਰਕੇ 5 ਵਜੇ ਤੋਂ ਬਾਅਦ ਉਨ੍ਹਾਂ ਨੇ ਹੜਤਾਲ ਵਾਪਸ ਲੈ ਲਈ। ਇਸੇ ਕਰਕੇ ਪੀਆਰਟੀਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਦੀ ਪਟਿਆਲਾ ਸਥਿਤ ਕੋਠੀ ਦਾ ਅਣਮਿਥੇ ਸਮੇਂ ਲਈ ਘਿਰਾਓ ਕਰਨ ਦਾ ਪ੍ਰੋਗਰਾਮ ਵੀ ਮੁਲਤਵੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਦੋ ਦਸੰਬਰ ਨੂੰ ਸਰਕਾਰ ਵੱਲੋਂ ਟੈਂਡਰ ਖੋਲ੍ਹੇ ਜਾਂਦੇ ਹਨ, ਤਾਂ ਪੰਜਾਬ ਭਰ ਵਿੱਚ ਚੱਕਾ ਜਾਮ ਕਰਕੇ ਅਣਮਿੱਥੇ ਸਮੇਂ ਦੀ ਹੜਤਾਲ ਕੀਤੀ ਜਾਵੇਗੀ।

ਦਿੱਲੀ ਅਤਿਵਾਦੀ ਹਮਲੇ 'ਚ ਜ਼ਖ਼ਮੀ ਹੋਏ 2 ਹੋਰ ਵਿਅਕਤੀਆਂ ਦੀ ਮੌਤ

ਨਵੀਂ ਦਿੱਲੀ। ਦਿੱਲੀ ਦੇ ਲਾਲ ਕਿਲ੍ਹੇ ਨੇੜੇ 10 ਨਵੰਬਰ ਨੂੰ ਹੋਏ ਧਮਾਕੇ ਵਿੱਚ ਮਰਨ ਵਾਲਿਆਂ ਦੀ ਗਿਣਤੀ 15 ਹੋ ਗਈ ਹੈ, ਜਿਸ ਤੋਂ ਬਾਅਦ ਦੋ ਹੋਰ ਜ਼ਖਮੀਆਂ ਦੀ ਐਲਐਨਜੇਪੀ ਹਸਪਤਾਲ ਵਿੱਚ ਮੌਤ ਹੋ ਗਈ, ਇੱਕ ਅਧਿਕਾਰੀ ਨੇ ਸੋਮਵਾਰ ਨੂੰ ਦੱਸਿਆ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਮ੍ਰਿਤਕਾਂ ਦੀ ਪਛਾਣ ਲੁਕਮਾਨ (50) ਅਤੇ ਵਿਨੈ ਪਾਠਕ (50) ਵਜੋਂ ਹੋਈ ਹੈ। ਪਿਛਲੇ ਵੀਰਵਾਰ ਨੂੰ, ਬਿਲਾਲ ਨਾਮ ਦੇ ਇੱਕ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ, ਜਿਸ ਨਾਲ ਮੌਤਾਂ ਦੀ ਗਿਣਤੀ 13 ਹੋ ਗਈ। ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਮੌਤਾਂ ਦੇ ਨਾਲ, ਧਮਾਕੇ ਵਿੱਚ ਮਰਨ ਵਾਲਿਆਂ ਦੀ ਗਿਣਤੀ 15 ਹੋ ਗਈ ਹੈ, ਜਦੋਂ ਕਿ ਕਈ ਹੋਰ ਅਜੇ ਵੀ ਇਲਾਜ ਅਧੀਨ ਹਨ। ਦਿੱਲੀ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਹਸਪਤਾਲ ਤੋਂ ਇਨ੍ਹਾਂ ਮੌਤਾਂ ਬਾਰੇ ਜਾਣਕਾਰੀ ਮਿਲੀ ਹੈ ਅਤੇ ਪੋਸਟਮਾਰਟਮ ਜਲਦੀ ਹੀ ਕੀਤਾ ਜਾਵੇਗਾ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਕਰਿਸ਼ਮਾ ਕਪੂਰ ਦੇ ਮਰਹੂਮ ਪਤੀ ਦੀ 'ਕਥਿਤ ਵਸੀਅਤ' ਦੇਖਣ ਦੀ ਅਰਜ਼ੀ: ਹਾਈ ਕੋਰਟ ਨੇ ਪ੍ਰਿਆ ਕਪੂਰ ਤੋਂ ਮੰਗਿਆ ਜਵਾਬ

ਨਵੀਂ ਦਿੱਲੀ। ਦਿੱਲੀ ਹਾਈ ਕੋਰਟ ਨੇ ਅਦਾਕਾਰਾ ਕਰਿਸ਼ਮਾ ਕਪੂਰ ਦੇ ਬੱਚਿਆਂ ਦੀ ਅਰਜ਼ੀ 'ਤੇ ਮਰਹੂਮ ਸੰਜੇ ਕਪੂਰ ਦੀ ਪਤਨੀ ਪ੍ਰਿਆ ਕਪੂਰ ਤੋਂ ਜਵਾਬ ਮੰਗਿਆ ਹੈ। ਬੱਚਿਆਂ ਨੇ ਆਪਣੇ ਪਿਤਾ ਦੀ ਕਥਿਤ ਵਸੀਅਤ ਦੇ ਅਸਲ ਦਸਤਾਵੇਜ਼ ਦੀ ਜਾਂਚ ਦੀ ਮੰਗ ਕੀਤੀ ਹੈ। ਜੁਆਇੰਟ ਰਜਿਸਟਰਾਰ (ਜੁਡੀਸ਼ੀਅਲ) ਗਗਨਦੀਪ ਜਿੰਦਲ ਨੇ ਪ੍ਰਿਆ ਕਪੂਰ ਅਤੇ ਕਥਿਤ ਵਸੀਅਤ ਨੂੰ ਲਾਗੂ ਕਰਨ ਵਾਲੀ ਸ਼ਰਧਾ ਸੂਰੀ ਮਾਰਵਾਹ ਨੂੰ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਨੂੰ ਤਿੰਨ ਹਫ਼ਤਿਆਂ ਦੇ ਅੰਦਰ ਜਵਾਬ ਦਾਖਲ ਕਰਨ ਲਈ ਕਿਹਾ ਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ 16 ਦਸੰਬਰ ਨੂੰ ਹੋਵੇਗੀ। ਇਹ ਅਰਜ਼ੀ ਕਰਿਸ਼ਮਾ ਕਪੂਰ ਦੇ ਬੱਚਿਆਂ - ਸਮਾਇਰਾ ਕਪੂਰ ਅਤੇ ਉਸਦੇ ਭਰਾ ਦੁਆਰਾ ਦਾਇਰ ਕੀਤੇ ਗਏ ਮੁਕੱਦਮੇ ਦਾ ਹਿੱਸਾ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੇ ਮਰਹੂਮ ਪਿਤਾ ਸੁਨਜੇ ਕਪੂਰ ਦੀ ਕਥਿਤ 30,000 ਕਰੋੜ ਦੀ ਵਸੀਅਤ ਨੂੰ ਚੁਣੌਤੀ ਦਿੱਤੀ ਹੈ। ਬੱਚਿਆਂ ਅਨੁਸਾਰ, ਕਥਿਤ ਵਸੀਅਤ ਜਾਅਲੀ ਅਤੇ ਬਣਾਉਟੀ ਹੈ ਅਤੇ ਇਸ 'ਤੇ ਦਸਤਖਤ ਉਨ੍ਹਾਂ ਦੇ ਪਿਤਾ ਦੇ ਨਹੀਂ ਹਨ, ਸਗੋਂ ਪ੍ਰਿਆ ਕਪੂਰ ਨੇ ਗਵਾਹਾਂ ਦੀ ਮਿਲੀਭੁਗਤ ਨਾਲ ਜਾਅਲੀ ਕੀਤੇ ਹਨ। ਉਨ੍ਹਾਂ ਨੇ ਪ੍ਰਿਆ ਕਪੂਰ ਨੂੰ ਲਾਲਚੀ ਦੱਸਿਆ ਹੈ। ਦੂਜੇ ਪਾਸੇ, ਪ੍ਰਿਆ

ਕਪੂਰ ਦੇ ਵਕੀਲ ਨੇ ਦਾਅਵਾ ਕੀਤਾ ਕਿ ਬੱਚਿਆਂ ਨੇ ਪਹਿਲਾਂ ਉਨ੍ਹਾਂ ਦੇ ਦਸਤਖਤਾਂ 'ਤੇ ਇਤਰਾਜ਼ ਨਹੀਂ ਕੀਤਾ ਸੀ, ਪਰ ਜਦੋਂ ਉਨ੍ਹਾਂ ਦੇ ਦਾਅਵਿਆਂ ਨੂੰ ਬੇਬੁਨਿਆਦ ਕਿਹਾ ਗਿਆ, ਤਾਂ ਉਨ੍ਹਾਂ ਨੇ ਹੁਣ ਦਸਤਖਤਾਂ ਦੀ ਪ੍ਰਮਾਣਿਕਤਾ 'ਤੇ ਸਵਾਲ ਉਠਾਉਂਦੇ ਹੋਏ ਨਵੀਂ ਅਰਜ਼ੀ ਦਾਇਰ ਕੀਤੀ ਹੈ। ਬੱਚਿਆਂ ਨੇ ਅਰਜ਼ੀ ਵਿੱਚ ਵਸੀਅਤ ਦੇ ਅਸਲ ਦਸਤਾਵੇਜ਼ ਦੀ ਜਾਂਚ ਦੀ ਮੰਗ ਕੀਤੀ ਹੈ, ਕਿਉਂਕਿ ਉਨ੍ਹਾਂ ਅਨੁਸਾਰ ਜਾਅਲੀ ਹੋਣ ਬਾਰੇ ਪੱਕੀ ਜਾਣਕਾਰੀ ਸਿਰਫ਼ ਅਸਲ ਕਾਪੀ ਤੋਂ ਹੀ ਪਤਾ ਲੱਗ ਸਕਦੀ ਹੈ। ਹਾਈ ਕੋਰਟ ਸੁਨਜੇ ਕਪੂਰ ਦੀ ਜਾਇਦਾਦ ਨੂੰ ਦੂਰ ਕਰਨ ਤੋਂ ਪ੍ਰਿਆ ਕਪੂਰ ਨੂੰ ਰੋਕਣ ਲਈ ਕਰਿਸ਼ਮਾ ਕਪੂਰ ਦੇ ਬੱਚਿਆਂ ਦੁਆਰਾ ਦਾਇਰ ਕੀਤੀ ਗਈ ਅੰਤਰਿਮ ਪਾਬੰਦੀ ਅਰਜ਼ੀ 'ਤੇ ਵੀ ਸੁਣਵਾਈ ਕਰ ਰਹੀ ਹੈ। ਇਸ ਅਰਜ਼ੀ 'ਤੇ ਸੁਣਵਾਈ 20 ਨਵੰਬਰ ਨੂੰ ਜਾਰੀ ਰਹੇਗੀ। ਇਸ ਤੋਂ ਪਹਿਲਾਂ, ਹਾਈ ਕੋਰਟ ਨੇ ਪ੍ਰਿਆ ਕਪੂਰ ਨੂੰ ਸੁਨਜੇ ਕਪੂਰ ਦੀ ਜਾਇਦਾਦ ਦੀ ਸੂਚੀ ਅਦਾਲਤ ਨੂੰ ਦੇਣ ਲਈ ਕਿਹਾ ਸੀ। ਪ੍ਰਿਆ ਕਪੂਰ ਨੇ ਅਦਾਲਤ ਨੂੰ ਦੱਸਿਆ ਕਿ ਕਰਿਸ਼ਮਾ ਦੇ ਬੱਚਿਆਂ ਨੂੰ ਪਹਿਲਾਂ ਹੀ ਫੈਮਿਲੀ ਟਰੱਸਟ ਤੋਂ 1,900 ਕਰੋੜ ਮਿਲ ਚੁੱਕੇ ਹਨ।

ਹੋਟਲ 'ਚ ਬੁਲਾ ਕੇ ਵਿਆਹੁਤਾ ਪ੍ਰੇਮਿਕਾ ਦਾ ਕਤਲ

ਅੰਮ੍ਰਿਤਸਰ। ਅੰਮ੍ਰਿਤਸਰ ਸ਼ਹਿਰ ਦੇ ਖੇਤਰ ਸ਼ੇਰਾਂ ਵਾਲਾ ਗੇਟ ਨੇੜੇ ਇਕ ਹੋਟਲ 'ਚ ਆਪਣੇ ਪ੍ਰੇਮੀ ਨਾਲ ਠਹਿਰੀ ਵਿਆਹੀ ਔਰਤ ਦੀ ਉਸ ਦੇ ਹੀ ਪ੍ਰੇਮੀ ਵਲੋਂ ਗਲ ਘੁੱਟ ਕੇ ਹੱਤਿਆ ਕਰ ਦਿੱਤੀ ਗਈ ਹੈ।



ਮ੍ਰਿਤਕ ਔਰਤ ਦੀ ਸ਼ਨਾਖਤ ਵੀਰਪਾਲ ਕੌਰ ਸਿੰਘ ਵਾਸੀ ਤਰਨ ਤਾਰਨ ਵਜੋਂ ਹੋਈ ਹੈ, ਜਿਸ ਦੇ ਭਰਾ ਇੰਦਰਜੀਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਭੈਣ ਦਾ ਵਿਆਹ 7-8 ਸਾਲ ਪਹਿਲਾਂ ਹੋਇਆ ਸੀ ਤੇ ਉਸ ਦੇ 2 ਬੱਚੇ ਵੀ ਹਨ, ਉਸ ਦੀ ਭੈਣ ਦੇ ਸਹੁਰੇ ਪਿੰਡ ਵਿਚ ਰਹਿੰਦੇ ਨੌਜਵਾਨ ਗੁਰਮੀਤ ਸਿੰਘ ਉਰਵ ਧਰਮਾ ਨਾਂਅ ਦੇ ਵਿਅਕਤੀ ਨਾਲ ਨਾਜਾਇਜ਼ ਸੰਬੰਧ ਸਨ, ਜਿਸ ਕਾਰਨ ਉਸ ਦੀ ਭੈਣ ਤੇ ਜੀਜੇ 'ਚ ਅਕਸਰ ਝਗੜਾ ਹੁੰਦਾ ਸੀ। ਕਰੀਬ ਤਿੰਨ ਮਹੀਨੇ ਤੋਂ ਉਸ ਦੀ ਭੈਣ ਆਪਣੇ ਪੇਕੇ ਘਰ ਹੀ ਰਹਿ ਰਹੀ ਸੀ ਜੋ ਕਿ ਬੀਤੇ ਦਿਨ ਇਹ ਕਹਿ ਕੇ ਘਰੋਂ ਆਈ ਸੀ ਕਿ ਉਹ ਆਪਣੇ ਸਹੁਰੇ ਪਿੰਡ ਜਾ ਰਹੀ ਹੈ। ਥਾਣਾ ਦੀ ਡਵੀਜ਼ਨ ਦੇ ਮੁਖੀ ਜਾਂਦਾ ਪੁਲਿਸ ਵਲੋਂ ਪੋਸਟਮਾਰਟਮ ਉਪਰੰਤ ਲਾਸ ਵਾਰਿਸਾਂ ਹਵਾਲੇ ਕਰ ਦਿੱਤੀ ਗਈ ਤੇ ਕਾਤਲ ਦੀ ਭਾਲ ਕੀਤੀ ਜਾ ਰਹੀ ਹੈ।

ਬੰਗਾ ਵਿਖੇ ਦੋ ਗੁੱਟਾਂ ਵਿਚਕਾਰ ਹੋਈ ਲੜਾਈ, ਅੰਨ੍ਹੇਵਾਹ ਗੋਲੀਆਂ ਦੀ ਹੋਈ ਵਾਛੜ

● ਘਟਨਾ ਸਿਟੀ ਪੁਲਿਸ ਸਟੇਸ਼ਨ ਅਤੇ ਡੀਐਸਪੀ ਆਫਿਸ ਬੰਗਾ ਤੋਂ ਸਿਰਫ਼ 100 ਮੀਟਰ ਦੀ ਦੂਰੀ 'ਤੇ ਵਾਪਰੀ ● ਭੀੜ-ਭੜੱਕੇ ਵਾਲੇ ਇਲਾਕੇ ਵਿੱਚ ਗੋਲੀਬਾਰੀ ਦੌਰਾਨ 5 ਹੋਏ ਗੰਭੀਰ ਜ਼ਖਮੀ

ਸ਼ਹੀਦ ਭਗਤ ਸਿੰਘ ਨਗਰ (ਚਰਨਜੀਤ ਸੱਲ੍ਹਾਂ): ਸੋਮਵਾਰ ਨੂੰ ਸ਼ਹਿਰ ਦੇ ਕੇਂਦਰ ਵਿੱਚ ਸਿਟੀ ਪੁਲਿਸ ਸਟੇਸ਼ਨ ਅਤੇ ਡੀਐਸਪੀ ਆਫਿਸ ਤੋਂ ਲਗਭਗ 100 ਮੀਟਰ ਦੂਰੀ ਤੇ ਬੱਸ ਸਟੈਂਡ ਨਜ਼ਦੀਕ 'ਦੋ ਗੁੱਟਾਂ ਵਿਚਕਾਰ ਹੋਈ ਲੜਾਈ ਵਿੱਚ ਗੋਲੀਆਂ ਦੀ ਵਾਛੜ ਹੋਈ। ਜਿਸ ਨਾਲ 5 ਨੌਜਵਾਨ ਗੰਭੀਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ, ਢਾਹਾਂ ਕਲੇਰਾਂ ਲਿਜਾਇਆ ਗਿਆ। ਉੱਥੋਂ ਦੇ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਲੁਧਿਆਣਾ ਡੀਐਮਸੀ ਰੈਫਰ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ, ਦੋਵੇਂ ਗੱਡੀਆਂ ਕਸਬਾ ਮੁਕੰਦਪੁਰ ਤਰਫ ਤੋਂ ਆਈਆਂ ਸਨ ਅਤੇ ਇੱਕ ਦੂਜੇ ਦਾ ਪਿੱਛਾ ਕਰਨ ਤੋਂ ਬਾਅਦ, ਜਦੋਂ ਇੱਕ ਗੱਡੀ ਬੱਸ ਸਟੈਂਡ 'ਤੇ ਪਹੁੰਚੀ ਤਾਂ ਇਨ੍ਹਾਂ ਦੀ ਆਪਸ ਵਿੱਚ ਮੁੱਠਭੇੜ ਹੋ ਗਈ। ਇੱਕ ਗੁੱਟ, ਜੋ ਕਿ ਕਾਰ/ 20 ਵਿੱਚ ਸਵਾਰ ਸੀ, ਨੇ ਦੂਜੇ ਗੁੱਟ ਦੀ ਸਕਾਰਪੀਓ ਗੱਡੀ 'ਤੇ ਗੋਲੀਬਾਰੀ ਕਰ ਦਿੱਤੀ, ਜਿਸ ਵਿੱਚ ਅੰਦਰ ਮੌਜੂਦ 5 ਨੌਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹੇ ਦੇ ਐਸ ਐਸ ਪੀ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਝਗੜੇ ਵਿੱਚ 5 ਨੌਜਵਾਨ ਜਿਸ ਵਿੱਚ ਹਨੀ ਬੱਲ, ਡਿੰਪਲ, ਸੂਜਲ, ਮਨਦੀਪ ਅਤੇ ਸਾਹਿਲ ਸ਼ਾਮਲ ਸਨ ਗੰਭੀਰ ਰੂਪ

ਵਿੱਚ ਜ਼ਖਮੀ ਹੋ ਗਏ । ਉਨ੍ਹਾਂ ਅੱਗੇ ਕਿਹਾ ਕਿ ਗੋਲੀਬਾਰੀ ਕਰਨ ਵਾਲੇ ਤਿੰਨ ਨੌਜਵਾਨ ਸਨ ਜੋ ਇੱਕਾ/ 20 ਕਾਰ ਵਿੱਚ ਆਏ ਸਨ। ਉਨ੍ਹਾਂ ਵਿੱਚੋਂ ਦੋ ਦੀ ਪਹਿਚਾਣ ਕਰ ਲਈ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਗੋਲੀਆਂ ਚਲਾਉਣ ਵਾਲੇ ਤਿਨਾਂ ਵਿੱਚੋਂ ਦੋ ਅਜੇ ਅਤੇ ਸੌਰਵ ਦੀ ਪਹਿਚਾਣ ਕਰ ਲਈ ਗਈ ਹੈ ਜਿਨ੍ਹਾਂ ਵਿਰੁੱਧ ਜਲਦ ਮਾਮਲਾ ਦਰਜ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਦੋਵੇਂ ਮੁਲਜ਼ਮ ਬੰਗਾ ਬਲਾਕ ਨਾਲ ਸਬੰਧਤ ਹਨ ਅਤੇ ਦੋਵਾਂ ਧੜਿਆਂ ਵਿਚਕਾਰ ਪੁਰਾਣੀ ਰੰਜਿਸ਼ ਹੈ, ਜਿਸ ਕਾਰਨ ਇੱਕ ਧੜੇ ਨੇ ਦੂਜੇ ਧੜੇ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਇਸ ਗੋਲੀਬਾਰੀ ਦੌਰਾਨ ਸਾਰੇ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ।



ਬਸਪਾ ਨੇ ਪੂਰਾ ਦਿਨ ਗੜਦੀਵਾਲ ਵਿਖੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

ਗੜਦੀਵਾਲਾ (ਚਰਨਜੀਤ ਸੱਲ੍ਹਾਂ) ਅੱਜ ਗੜਦੀ ਵਾਲਾ ਵਿਖੇ ਬਸਪਾ ਪੰਜਾਬ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੀ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ ਡਾਕਟਰ ਜਸਪਾਲ ਸਿੰਘ ਜੀ ਹਲਕਾ ਹਲਕਾ ਟਾਂਡਾ ਉੜ ਮੁੜ ਦੇ ਪ੍ਰਧਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ ਪਿੰਡ ਚਾਂਘ ਵਿਛੋਆ ਜਿੱਥੇ ਡਾਕਟਰ ਅੰਬੇਡਕਰ ਜੀ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਰੂਪਾਂ ਦੀ ਬੇਅਦਬੀ ਹੋਈ ਆਮ ਆਦਮੀ ਪਾਰਟੀ ਦੀ ਪੰਚਾਇਤ ਵੱਲੋਂ ਐਸੀ ਧਰਮਸ਼ਾਲਾ ਵਿੱਚੋ ਪਿੰਡ ਦੀ ਪੰਚਾਇਤ ਅਤੇ ਪਿੰਡ ਦੇ ਅਭਿਮਾਨੀ ਲੋਕਾਂ ਨੇ ਡਾਕਟਰ ਅੰਬੇਡਕਰ ਔਰ ਗੁਰੂ ਰਵਿਦਾਸ ਦੇ ਸਰੂਪਾਂ ਨੂੰ ਲਾ ਕੇ ਬਾਹਰ ਸੁੱਟ ਦਿੱਤਾ ਗਿਆ ਇਸ ਦੇ ਸੰਬੰਧ ਵਿੱਚ ਪੁਲਿਸ ਨੂੰ ਐਪਲੀਕੇਸ਼ਨ ਦਿੱਤੀ ਗਈ ਔਰ ਐਸਐਚ ਓ ਗੜਦੀ ਵਾਲਿਆਂ ਨੇ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਜਿਸ ਵਿੱਚ ਇਕੱਠੇ ਹੋ ਕੇ ਬਸਪਾ ਵਰਕਰਾਂ ਨੇ ਲੋਕਾਂ ਨੇ ਪੂਰਾ ਦਿਨ ਜਾਮ ਲਾਇਆ ਅਤੇ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕਿਆ

ਇਸ ਮੌਕੇ ਪੰਜਾਬ ਬਸਪਾ ਦੇ ਸਕੱਤਰ ਮਨਿੰਦਰ ਸਿੰਘ ਸ਼ੇਰਪੁਰੀ ਦਲਜੀਤ ਰਾਏ ਜ਼ਿਲ੍ਹਾ ਪ੍ਰਧਾਨ ਬਸਪਾ ਦਲਵਿੰਦਰ ਬੋਦਲ ਜੀ ਡਾਕਟਰ ਜਸਪਾਲ ਜੀ ਜਸਵਿੰਦਰ ਦ ਦੁਗਲ ਜੀ ਹਲਕੇ ਦੇ ਇੰਚਾਰਜ ਸਰਦਾਰ ਹਰਬੰਤ ਸਿੰਘ ਖਹਿਰਾਵਾਦ ਪ੍ਰਧਾਨ ਸੁਰਜੀਤ ਮੈਹਮੀ ਹਲਕਾ ਹੁਸ਼ਿਆਰਪੁਰ ਦੇ ਪ੍ਰਧਾਨ ਅਮਨ ਬੁੱਲੋਵਾਲ ਚਾਂਗ ਬਸ਼ੇਹਾ ਪਿੰਡ ਦੇ ਸਾਥੀ ਗੁਰਲਾਲ ਸਿੰਘ ਜੀ ਅਤੇ ਉਹਨਾਂ ਦੀ ਪੂਰੀ ਟੀਮ ਲਈ ਚਮਨ ਸਿਕਰੀ ਜੀ ਐਡਵੋਕੇਟ ਮਲਕੀਤ ਸਿਖਰੀ ਜੀ ਔਰ ਸਾਡੇ ਜਿਲ੍ਹੇ ਦੇ ਜਨਰਲ ਸਕੱਤਰ ਐਡਵੋਕੇਟ ਧਰਮਿੰਦਰ ਦਾਦਰਾ ਜੀ ਔਰ ਸੈਂਕੜੇ ਵਰਕਰ ਹਾਜ਼ਰ ਸਨ।

ਜੰਨਤ ਏ ਜਰਖੜ ਦੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਨੂੰ ਵੇਖਣ ਲਈ ਬੱਚਿਆਂ ਦਾ ਉਮੜਿਆ ਸੈਲਾਬ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਲੁਧਿਆਣਾ ਦੇ ਪਿੰਡ ਜਰਖੜ ਵਿਖੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਵਿਰਾਸਤੀ ਮਿਊਜ਼ੀਅਮ " ਜੰਨਤ ਏ ਜਰਖੜ" ਦੇ ਵਿੱਚ ਬੱਚਿਆਂ ਦੀ ਹਰਮਨ ਪਿਆਰਤਾ ਦਿਨੋ-ਦਿਨ ਵੱਧ ਰਹੀ ਹੈ। ਅੱਜ ਲੁਧਿਆਣਾ ਦੇ ਅੰਮ੍ਰਿਤ ਇੰਡੋ ਕੈਨੇਡੀਅਨ ਅਕੈਡਮੀ ਦੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਮਿਊਜ਼ੀਅਮ ਜੰਨਤ ਏ ਜਰਖੜ ਦਾ ਦੌਰਾ ਕੀਤਾ । ਉਹਨਾਂ ਨੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਵੱਖ-ਵੱਖ ਵਿਰਾਸਤੀ ਚੀਜ਼ਾਂ ਵੇਖ ਕੇ ਜਿੱਥੇ ਆਪਣੇ ਗਿਆਨ ਵਿੱਚ ਵਾਧਾ ਕੀਤਾ ਉਥੇ ਲੰਬਾ ਸਮਾਂ ਮਿਊਜ਼ੀਅਮ ਦਾ ਆਨੰਦ ਵੀ ਮਾਣਿਆ। ਬੱਚਿਆਂ ਨੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਬਣਿਆ ਬਾਰਡਰ, ਲਾਹੌਰ ਵਿੱਚ ਬਣੇ ਦੁਨੀਆਂ ਦੇ ਅਜੂਬੇ, ਖਾਲਸਾ ਰਾਜ, ਲਾਹੌਰ ਕੋਰਟ, ਹਿਟਲਰ ਗੇਟ, ਲਾਲ ਕਿਲ੍ਹਾ, ਰਾਵੀਪੁਲ, ਉਡਣੇ ਸਿੱਖ ਮਿਲਖਾ ਸਿੰਘ ਦੇ ਕੱਚੇ ਘਰ ਦੀ ਬੁਨਿਆਦ, ਸਟੈਚੂ ਆਫ ਲਿਬਰਟੀ, ਪੁਰਾਤਨ ਖੂਹ ਆਦਿ ਵੱਖ-ਵੱਖ ਬਣੇ ਫੋਟੋ ਪੁਆਇੰਟ ਤੇ ਆਪਣੀਆਂ ਤਸਵੀਰਾਂ ਕਰਵਾਈਆਂ। ਇਸ ਮੌਕੇ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਖਾਣ ਪੀਣ ਲਈ ਵਧੀਆ ਰਿਫੈਸਮੈਂਟ ਵੀ ਦਿੱਤੀ ਗਈ। ਇਸ ਮੌਕੇ ਜੰਨਤ ਏ ਜਰਖੜ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਸਕੂਲੀ ਬੱਚਿਆਂ ਵਿੱਚ ਇਸ ਮਿਊਜ਼ੀਅਮ ਦੀ ਵਿਸ਼ੇਸ਼ ਖਿੱਚ ਰਹਿੰਦੀ ਹੈ, ਵੱਡੀ ਗਿਣਤੀ ਵਿੱਚ ਹਰ ਰੋਜ਼ ਸਕੂਲੀ ਬੱਚਿਆਂ ਦੀ ਆਮਦ ਹੁੰਦੀ ਹੈ। ਕਿਉਂਕਿ ਇਹ ਮਿਊਜ਼ੀਅਮ ਜਿੱਥੇ ਬੱਚਿਆਂ ਦੇ ਇੱਕ ਇੰਟਰਟੇਨਮੈਂਟ ਦਾ ਸਾਧਨ ਹੈ ਉਥੇ ਉਹਨਾਂ ਦੇ ਗਿਆਨ ਵਿੱਚ ਵੀ ਵਾਧਾ ਕਰਦਾ ਹੈ ਉਹਨਾਂ ਆਖਿਆ ਪੰਜਾਬ ਦੇ ਵੱਖ-ਵੱਖ ਸਕੂਲਾਂ ਨੂੰ ਵੱਧ ਤੋਂ ਵੱਧ ਬੱਚਿਆਂ ਨੂੰ ਮਿਊਜ਼ੀਅਮ ਜੰਨਤ ਏ ਜਰਖੜ ਵਿਖਾਉਣਾ ਚਾਹੀਦਾ ਹੈ । ਇਸ ਮੌਕੇ ਸਕੂਲ ਦੇ ਅਧਿਆਪਕਾਂ ਅਤੇ ਸਮੂਹ ਬੱਚਿਆਂ ਨੇ ਜੰਨਤ ਏ ਜਰਖੜ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲੀ ਅਧਿਆਪਕਾਂ ਵਿੱਚ ਸ਼੍ਰੀਮਤੀ ਸਵੇਤਾ ਮਲਹੋਤਰਾ, ਸ਼ਵਾਲੀ ਸੂਦ, ਜਗਦੀਪ ਕੌਰ, ਅਮਨਦੀਪ ਕੌਰ, ਮਨਜੋਤ ਕੌਰ, ਇੰਦਰਪ੍ਰੀਤ ਕੌਰ, ਸਕੂਲ ਦਾ ਸਟਾਫ ਅਤੇ ਬੱਚੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਕੈਂਸਰ ਨਾਲ ਜੂਝਦੇ ਬੱਚਿਆਂ ਨਾਲ ਇਨਰ ਵ੍ਹੀਲ ਕਲੱਬ ਨੇ ਡੀ. ਐਮ.ਸੀ. ਵਿਖੇ ਮਨਾਇਆ ਚਿਲਡਰਨਜ਼ ਡੇਅ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਇਨਰ ਵ੍ਹੀਲ ਕਲੱਬ ਆਪਣੀਆਂ ਸਮਾਜ ਨੂੰ ਬੇਹਤਰ ਬਣਾਉਣ ਦੀਆਂ ਵਿਲੱਖਣ ਕੋਸ਼ਿਸ਼ਾਂ ਕਰਕੇ ਹਮੇਸ਼ਾਂ ਹੀ ਚਰਚਾ ਵਿੱਚ ਰਹਿੰਦਾ ਹੈ । ਕੱਲ੍ਹ ਕਲੱਬ ਨੇ ਮੈਂਬਰਾਂ ਨਾਲ ਸਥਾਨਕ ਡੀ.ਐਮ.ਸੀ.ਵਿਖੇ ਕੈਂਸਰ ਨਾਲ ਜੂਝ ਰਹੇ ਬੱਚਿਆਂ ਨਾਲ ਚਿਲਡਰਨਜ਼ ਡੇਅ ਮਨਾਇਆ ਅਤੇ ਬੱਚਿਆਂ ਨੂੰ ਸਟੇਸ਼ਨਰੀ ਅਤੇ ਡਾਕਟਰਾਂ ਵੱਲੋਂ ਦੱਸੀ ਰਿਫਰੈਸ਼ਮੈਂਟ ਦਿੱਤੀ ਗਈ। ਇਸ ਮੌਕੇ ਬੋਲਦਿਆਂ ਕਲੱਬ ਦੀ ਪ੍ਰਧਾਨ ਨਿਸ਼ਾ ਸ਼ਰਮਾ ਅਤੇ ਐਡੀਟਰ ਸੁਲੇਖਾ ਨੇ ਆਖਿਆ ਕਿ ਸਾਡਾ ਕਲੱਬ ਅਜਿਹੀਆਂ ਕੋਸ਼ਿਸ਼ਾਂ ਸਮਾਜ ਲਈ ਕਰਦਾ ਰਹਿੰਦਾ ਹੈ ਜਿਸ ਨਾਲ ਸਮਾਜ ਨੂੰ ਸੇਧ ਸੰਕਟ ਨਾਲ ਜੂਝਦੇ ਬੱਚਿਆਂ ਨੂੰ ਹੱਲਾਸ਼ੇਰੀ ਅਤੇ ਖੁਸ਼ੀ ਅਤੇ ਸਾਨੂੰ ਮਨ ਦੀ ਸ਼ਾਂਤੀ ਮਿਲਦੀ ਹੈ । ਇਸ ਮੌਕੇ ਮੀਨਾ ਗੁਪਤਾ, ਟੀਨਾ ਗੁਪਤਾ, ਕੁਸੁਮ, ਡਾਕਟਰ ਗੁਰਪ੍ਰੀਤ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ।

ਪਹਿਲੀ ਤੇ ਦੂਸਰੀ ਜਮਾਤ ਦੇ ਅਧਿਆਪਕਾਂ ਲਈ ਐੱਫ ਐੱਲ ਐੱਨ ਤਹਿਤ ਜ਼ਿਲ੍ਹਾ ਰਿਸੋਰਸ ਪਰਸਨ ਦਾ ਤਿੰਨ ਰੋਜ਼ਾ ਸੈਮੀਨਾਰ ਸ਼ੁਰੂ

ਕਪੂਰਥਲਾ (ਵਿਸ਼ੇਸ਼ ਪ੍ਰਤੀਨਿਧ)– ਪੰਜਾਬ ਰਾਜ ਖੋਜ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੀ ਸਹਾਇਤਾ ਨਾਲ ਪਹਿਲੀ ਤੇ ਦੂਸਰੀ ਜਮਾਤ ਦੇ ਅਧਿਆਪਕਾਂ ਨੂੰ ਐੱਫ ਐੱਲ ਐੱਨ ਦੀ ਟ੍ਰੇਨਿੰਗ ਦੇਣ ਦੇ ਉਦੇਸ਼ ਤੇ ਸਿਲੇਬਸ ਦੀ ਕਾਰਜਸ਼ੀਲਤਾ ਨੂੰ ਹੋਰ ਵਧੀਆ ਕਰਦੇ ਹੋਏ ਅਤੇ ਬੱਚਿਆਂ ਨੂੰ ਸਮੇਂ ਦੀ ਹਾਣੀ ਬਣਾਉਂਦੇ ਹੋਏ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ,ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ , ਦੀ ਯੋਗ ਅਗਵਾਈ ਹੇਠ ਤੇ ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ,

ਬਲਾਕ ਸਿੱਖਿਆ ਅਧਿਕਾਰੀ ਰਜੇਸ਼ ਕੁਮਾਰ ਦੀ ਦੇਖ ਰੇਖ ਹੇਠ ਸਿੱਖਿਆ ਬਲਾਕ ਦਫ਼ਤਰ ਕਪੂਰਥਲਾ -1 ਵਿੱਚ ਜ਼ਿਲ੍ਹੇ ਦੇ 9 ਸਿੱਖਿਆ ਬਲਾਕਾਂ ਦੇ ਰਿਸੋਰਸ ਪਰਸਨ ਦਾ ਤਿੰਨ ਰੋਜ਼ਾ ਸੈਮੀਨਾਰ ਸ਼ੁਰੂ ਹੋਇਆ। ਜਿਸ ਵਿੱਚ ਸਟੇਟ ਤੋਂ ਰਿਸੋਰਸ ਪਰਸਨ ਜਾਮਿਨੀ ਤਿਆਗੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਦੌਰਾਨ ਜਿੱਥੇ ਉਹਨਾਂ ਵੱਲੋਂ ਸੈਮੀਨਾਰ ਦੇ ਪਹਿਲੇ ਦਿਨ ਦੀ ਅਬਜ਼ਰਵੇਸ਼ਨ ਕੀਤੀ। ਉਥੇ ਹੀ ਇਸ ਸੈਮੀਨਾਰ ਦੌਰਾਨ ਬੀ ਆਰ ਸੀ ਹਰਪ੍ਰੀਤ ਸਿੰਘ ਨਡਾਲਾ, ਬੀ ਆਰ ਸੀ ਤਰਸੇਮ ਸਿੰਘ

ਜ਼ਿਲ੍ਹਾ ਪੱਧਰੀ ਸੈਮੀਨਾਰ ਦੌਰਾਨ ਬੀ ਆਰ ਸੀ ਹਰਪ੍ਰੀਤ ਸਿੰਘ ਨਡਾਲਾ, ਤਰਸੇਮ ਸਿੰਘ ਭੁਲੱਥ, ਹਰਪ੍ਰੀਤ ਸਿੰਘ ਭੁਲੱਥ ਗਤੀਵਿਧੀਆਂ ਕਰਵਾਉਂਦੇ ਹੋਏ ਤੇ ਹਾਜ਼ਰ ਵੱਖ ਵੱਖ ਬਲਾਕਾਂ ਦੇ ਰਿਸੋਰਸ ਪਰਸਨ।

ਨਡਾਲਾ,ਬੀ ਆਰ ਸੀ ਹਰਪ੍ਰੀਤ ਸਿੰਘ ਭੁਲੱਥ ਨੇ ਬਹੁਤ ਹੀ ਰੌਚਕ ਢੰਗ ਨਾਲ ਐੱਫ ਐੱਲ ਐੱਨ ਤਹਿਤ ਪਹਿਲੀ ਤੇ ਦੂਸਰੀ ਜਮਾਤ ਲਈ ਪੰਜਾਬੀ,ਗਣਿਤ ਤੇ ਅੰਗਰੇਜ਼ੀ ਵਿਸ਼ਿਆਂ ਨਾਲ ਸੰਬੰਧਿਤ ਵੱਖ ਵੱਖ ਗਤੀਵਿਧੀਆਂ,ਟੀਚੇ ਤੇ ਮਨੋਰਥ ਸੰਬੰਧੀ ਜਾਣਕਾਰੀ ਜ਼ਿਲ੍ਹੇ ਦੇ ਵੱਖ ਵੱਖ ਰਿਸੋਰਸ ਪਰਸਨ ਨੂੰ ਪ੍ਰਦਾਨ ਕੀਤੀ।ਇਸ ਮੌਕੇ ਤੇ ਪਵਨ ਕੁਮਾਰ ਜੋਸ਼ੀ,ਗੁਰਮੇਜ ਸਿੰਘ ਤਲਵੰਡੀ ਚੌਧਰੀਆਂ, ਡਾਕਟਰ ਪਰਮਜੀਤ ਕੌਰ, ਵੀਨੂੰ ਸੇਖੜੀ, ਕੁਲਦੀਪ ਸਿੰਘ, ਯੋਗੇਸ਼ ਸੋਂਰੀ, ਗੁਰਪ੍ਰੀਤ ਸਿੰਘ, ਕੰਵਲਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ,ਉਂਕਾਰ ਸਿੰਘ ,ਸੁਮਿਤ ਕੁਮਾਰ,ਰੇਸ਼ਮ ਲਾਲ , ਮਹਾਂਵੀਰ, ਜੋਗਿੰਦਰ ਸਿੰਘ, ਪੰਕਜ ਧੀਰ,ਜੋਤੀ ਨਰੂਲਾ , ਸਵਿੰਦਰ ਸਿੰਘ, ਰਛਪਾਲ ਸਿੰਘ,ਮੋਹਿਤ ਕੁਮਾਰ,ਅਕਬਰ ਖਾਨ, ਸੁਰਿੰਦਰ ਕੁਮਾਰ, ਸਤਨਾਮ ਸਿੰਘ, ਮਨਜੀਤ ਲਾਲ, ਜਤਿੰਦਰ ਕੁਮਾਰ, ਬਿਕਰਮਜੀਤ ਸਿੰਘ ਆਦਿ ਰਿਸੋਰਸ ਪਰਸਨ ਹਾਜ਼ਰ ਸਨ।

ਬਲਾਕ ਪੱਧਰੀ, ਜ਼ਿਲ੍ਹਾ ਪਟਿਆਲਾ ਦੇ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਗਣਿਤ ਅਧਿਆਪਕਾਂ ਦਾ ਇੱਕ ਰੋਜ਼ਾ ਸੈਮੀਨਾਰ ਸਫਲਤਾ ਪੂਰਵਕ ਸੰਪੰਨ

ਸਿੱਖਿਆ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਸ਼੍ਰੀ ਸੰਜੀਵ ਸ਼ਰਮਾਂ, ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਰਵਿੰਦਰ ਪਾਲ ਸ਼ਰਮਾਂ, ਪ੍ਰਿੰਸੀਪਲ ਜ਼ਿਲ੍ਹਾ ਸਿਖਲਾਈ ਸੰਸਥਾ ਨਾਭਾ ਸ਼੍ਰੀ ਸੰਦੀਪ ਨਾਗਰ, ਸ਼੍ਰੀ ਲਲਿਤ ਮੋਦਗਿੱਲ (ਡੀ.ਆਰ.ਸੀ. ਪਟਿਆਲਾ), ਸ਼੍ਰੀ ਅਜੇ ਕੁਮਾਰ (ਕੋਆਰਡੀਨੇਟਰ), ਸ਼੍ਰੀ ਯੁਵਰਾਜ ਅਰੋੜਾ (ਕੋਆਰਡੀਨੇਟਰ) ਅਤੇ ਸ਼੍ਰੀ ਦਵਿੰਦਰ ਸਿੰਘ (ਕੋਆਰਡੀਨੇਟਰ) ਦੀ ਯੋਗ ਅਗਵਾਈ ਅਧੀਨ ਜ਼ਿਲ੍ਹਾ ਪਟਿਆਲਾ ਦੇ ਬਲਾਕ ਭੁਨਰਹੇੜੀ-1, ਭੁਨਰਹੇੜੀ-2, ਪਟਿਆਲਾ-1 ਦੇ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਗਣਿਤ ਅਧਿਆਪਕਾਂ ਦਾ ਇੱਕ ਰੋਜ਼ਾ ਸੈਮੀਨਾਰ ਅੱਜ ਮਿਤੀ 17 ਨਵੰਬਰ ਨੂੰ ਸਫਲਤਾ ਪੂਰਵਕ ਸਮਾਪਤ ਹੋਇਆ। ਇਸ ਸੈਮੀਨਾਰ ਦਾ ਆਯੋਜਨ ਸਰਕਾਰੀ ਹਾਈ ਸਕੂਲ ਸਾਹਿਬ ਨਗਰ ਥੇੜੀ ਪਟਿਆਲਾ ਵਿਖੇ ਕੀਤਾ ਗਿਆ ਜਿਸ ਵਿੱਚ ਪਟਿਆਲਾ ਜ਼ਿਲ੍ਹੇ ਦੇ ਤਿੰਨ ਬਲਾਕਾਂ ਦੇ ਗਣਿਤ ਅਧਿਆਪਕਾਂ ਨੇ ਸ਼ਿਰਕਤ ਕੀਤੀ। ਇਹ ਸੈਮੀਨਾਰ ਰਿਸੋਰਸ ਪਰਸਨ ਸ਼੍ਰੀਮਤੀ ਮੋਨਿਕਾ ਬਾਂਸਲ (ਗਣਿਤ ਅਧਿਆਪਕਾ), ਸ਼੍ਰੀਮਤੀ ਭਾਰਤੀ ਮਿੱਤਲ (ਗਣਿਤ ਅਧਿਆਪਕਾ), ਸ਼੍ਰੀਮਤੀ ਰੇਸ਼ਮਾ (ਗਣਿਤ ਅਧਿਆਪਕਾ), ਸ਼੍ਰੀਮਤੀ ਰਿੰਪੀ (ਗਣਿਤ ਅਧਿਆਪਕਾ) ਅਤੇ ਅਸ਼ੀਸ਼ ਬਜਾਜ (ਗਣਿਤ ਅਧਿਆਪਕ) ਦੀ ਰਹਿਨੁਮਾਈ ਹੇਠ ਲਗਾਇਆ ਗਿਆ ਜਿਸ ਵਿੱਚ ਅਧਿਆਪਕਾ ਨੂੰ ਮਾਰਚ 2026 ਵਿੱਚ ਹੋਣ ਜਾ ਰਹੀਆਂ ਬੋਰਡ ਪਰੀਖਿਆਵਾਂ ਦੀ ਤਿਆਰੀ, ਪ੍ਰਸ਼ਨ ਪੱਤਰਾ ਦੀ ਬਣਤਰ, ਗਣਿਤ ਵਿਸ਼ੇ ਨੂੰ ਰੋਚਕਤਾ ਭਰਪੂਰ ਬਨਾਉਣ, ਗਣਿਤ ਵਿਸ਼ੇ ਸੰਬੰਧੀ ਕਿਰਿਆਵਾਂ, ਗਣਿਤ ਵਿਸ਼ੇ ਦੀ ਆਮ ਜਿੰਦਗੀ ਵਿੱਚ ਵਰਤੋਂ, ਗਣਿਤ ਵਿਸ਼ੇ ਦੀ ਹੋਰ ਵਿਸ਼ਿਆਂ ਵਿੱਚ ਵਰਤੋਂ, ਮਹਾਨ ਗਣਿਤ ਵਿਗਿਆਨੀਆਂ ਦੇ ਜੀਵਨ ਅਤੇ ਉਨ੍ਹਾਂ ਦੇ ਖੋਜ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਸੈਮੀਨਾਰ ਦੌਰਾਨ ਵੱਖ-ਵੱਖ ਸਕੂਲਾਂ ਤੋਂ ਆਏ ਗਣਿਤ ਅਧਿਆਪਕਾਂ ਨੇ ਵੀ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਸਰਕਾਰ ਵੱਲੋਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਵੀਂ ਅਤੇ ਅਜੋਕੀ ਸਿੱਖਿਆ ਪ੍ਰਣਾਲੀ ਦੇ ਹਾਣੀ ਬਨਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਸੈਮੀਨਾਰ ਦੌਰਾਨ ਸ਼੍ਰੀ ਰਮਨਦੀਪ ਸਿੰਘ ਜੀ (ਬੀ.ਐੱਨ.ਓ. ਭੁਨਰਹੇੜੀ-1) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਸਮੂਹ ਅਧਿਆਪਕਾਂ ਅਤੇ ਬੀ.ਆਰ.ਸੀ. ਸਾਹਿਬਾਨ ਵੱਲੋਂ ਸੁਚਾਰੂ ਢੰਗ ਨਾਲ ਲਗਾਏ ਜਾ ਰਹੇ ਸੈਮੀਨਾਰ ਲਈ ਸ਼ਲਾਘਾ ਕੀਤੀ।

ਸਮਾਜ ਵੀਕਲੀ ਨਿਊਜ

ਜੀ.ਐਚ.ਜੀ ਖਾਲਸਾ ਕਾਲਜ, ਗੁਰੂਸਰ ਸਧਾਰ ਨੇ ਰੌਕਬਾਲ ਨੈਸ਼ਨਲ ਚੈਂਪੀਅਨਸ਼ਿਪ ਦੇ ਸਮਾਪਤੀ ਸਮਾਰੋਹ ਦੀ ਕੀਤੀ ਮੇਜ਼ਬਾਨੀ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) 9ਵੀਂ ਸੀਨੀਅਰ ਪੁਰਸ਼ ਅਤੇ ਮਹਿਲਾ ਰੌਕਬਾਲ ਰਾਸ਼ਟਰੀ ਚੈਂਪੀਅਨਸ਼ਿਪ ਅਤੇ 6ਵੀਂ ਮਿਕਸਡ ਸੀਨੀਅਰ ਰਾਸ਼ਟਰੀ ਚੈਂਪੀਅਨਸ਼ਿਪ ਦਾ ਸ਼ਾਨਦਾਰ ਫਾਈਨਲ ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸਧਾਰ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਸਾਰੀਆਂ ਟੀਮਾਂ ਅਤੇ ਖਿਡਾਰੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ, ਅਨੁਸ਼ਾਸਨ ਅਤੇ ਖੇਡ ਭਾਵਨਾ ਲਈ ਸਨਮਾਨਿਤ ਅਤੇ ਉਤਸ਼ਾਹਿਤ ਕੀਤਾ ਗਿਆ।

ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ: ਇਕਬਾਲ ਸਿੰਘ (ਸੇਵਾਮੁਕਤ ਆਈ.ਪੀ.ਐਸ.), ਪ੍ਰਬੰਧਕੀ ਸਕੱਤਰ

ਸ਼੍ਰੀ ਜਗਜੀਤ ਸਿੰਘ ਜੱਲਾ (ਸੇਵਾਮੁਕਤ ਪੁਲਿਸ ਸੁਪਰਡੈਂਟ), ਸਲਾਹਕਾਰ, ਰੌਕਬਾਲ ਪੰਜਾਬ

ਧਰਮਵੀਰ ਸਿੰਘ (ਸੇਵਾਮੁਕਤ ਪੁਲਿਸ ਸੁਪਰਡੈਂਟ), ਅੰਤਰਰਾਸ਼ਟਰੀ ਵਾਲੀਬਾਲ ਖਿਡਾਰੀ ਅਤੇ ਕਾਰਜਕਾਰੀ ਸਕੱਤਰ, ਰੌਕਬਾਲ ਇੰਡੀਆ

ਸ਼੍ਰੀ ਦਿਨੇਸ਼ ਸਿੰਘ ਰਾਠੌਰ, ਜਨਰਲ ਸਕੱਤਰ, ਪੰਜਾਬ ਰੌਕਬਾਲ

ਡਾ. ਤੇਜਪਾਲ ਸਿੰਘ, ਪ੍ਰਧਾਨ, ਪੁੰਗਰੇਨ, ਪੰਜਾਬ ਸਰਕਾਰ

ਸ੍ਰ: ਮਨਜੀਤ ਸਿੰਘ ਗਿੱਲ, ਪ੍ਰਧਾਨ, ਜੀ.ਐਚ.ਜੀ. ਖਾਲਸਾ ਕਾਲਜ, ਸੁਧਾਰ

ਸ੍ਰ: ਇੰਦਰਜੀਤ ਸਿੰਘ, ਪ੍ਰਿੰਸੀਪਲ, ਜੀ.ਐਚ.ਜੀ. ਖਾਲਸਾ ਕਾਲਜ, ਸੁਧਾਰ

ਸ੍ਰ: ਹਰੀਦਰਪਾਲ ਸਿੰਘ ਲਾਲੀ

ਰਾਜਬੀਰ ਸਿੰਘ, ਭਾਰਤੀ ਰੋਇੰਗ ਖਿਡਾਰੀ

ਡਾ: ਇੰਦਰਜੀਤ ਸਿੰਘ ਢੀਂਗਰਾ

ਜਸਵੰਤ ਸਿੰਘ ਛਾਪਾ, ਪ੍ਰਧਾਨ, ਸਰਬੱਤ ਦਾ ਭਲਾ ਟਰੱਸਟ

ਸ਼੍ਰੀਮਤੀ ਸਾਨੀਆ ਸ਼ਰਮਾ

ਮੁਕਾਬਲੇ ਦੇ ਨਤੀਜੇ: ਸੀਨੀਅਰ ਲੜਕੇ ਵਰਗ: 1. ਪੰਜਾਬ

2. ਚੰਡੀਗੜ੍ਹ

3. ਗੁਜਰਾਤ

4. ਹਰਿਆਣਾ

ਸੀਨੀਅਰ ਲੜਕੀਆਂ ਵਰਗ:

1. ਹਰਿਆਣਾ

2. ਛੱਤੀਸਗੜ੍ਹ

3. ਰਾਜਸਥਾਨ

4. ਪੰਜਾਬ

ਸਮਾਪਤੀ ਸਮਾਰੋਹ ਵਿੱਚ ਜੇਤੂ ਅਤੇ ਭਾਗ ਲੈਣ ਵਾਲੀਆਂ ਟੀਮਾਂ ਨੂੰ ਸਰਟੀਫਿਕੇਟ ਭੇਟ ਕੀਤੇ ਗਏ। ਪ੍ਰਬੰਧਕਾਂ ਨੇ ਸਾਰੇ ਅਧਿਕਾਰੀਆਂ, ਖਿਡਾਰੀਆਂ, ਕੋਚਾਂ, ਟੀਮਾਂ ਅਤੇ ਕਾਲਜ ਪ੍ਰਸ਼ਾਸਨ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਚੈਂਪੀਅਨਸ਼ਿਪ ਸਫਲਤਾਪੂਰਵਕ ਸਮਾਪਤ ਹੋਈ।

ਸਮਾਜ ਵੀਕਲੀ ਨਿਊਜ

ਬਾਲ ਦਿਵਸ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਸਾਇੰਸ ਸਿਟੀ ਦਾ ਵਿੱਦਿਅਕ ਟੂਰ ਲਗਾਇਆ

ਕਪੂਰਥਲਾ (ਕੌੜਾ)– ਸਿੱਖਿਆ ਬਲਾਕ ਕਪੂਰਥਲਾ – 1 ਦੇ ਅਧੀਨ ਆਉਂਦੇ ਸਰਕਾਰੀ ਐਲੀਮੈਂਟਰੀ ਸੈਲਫ ਮੇਡ ਸਮਾਰਟ ਸਕੂਲ ਸ਼ੇਖੂਪੁਰ ਵੱਲੋਂ ਬਾਲ ਦਿਵਸ ਦੇ ਮੌਕੇ ਸਾਇੰਸ ਸਿਟੀ ਦਾ ਇੱਕ ਵਿਦਿਅਕ ਟੂਰ ਲਗਾਇਆ ਗਿਆ । ਵਿਦਿਅਕ ਟੂਰ ਦੌਰਾਨ ਜੈਮਲ ਸਿੰਘ ਸੈਂਟਰ ਹੈੱਡ ਟੀਚਰ, ਪੰਜਵੀਂ ਜਮਾਤ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਸਾਇੰਸ ਸਿਟੀ ਦੀਆਂ ਵੱਖ ਵੱਖ ਗੈਲਰੀਆਂ, ਪਾਰਕਾਂ ਅਤੇ ਅੰਦਰ ਚੱਲ ਰਹੇ ਸ਼ੋਜ ਨੂੰ ਬੜੀ ਹੀ ਨੀਜ ਨਾਲ ਦੇਖਿਆ ਅਤੇ ਛੋਟੇ ਛੋਟੇ ਬੱਚਿਆਂ ਦਾ ਵਿਗਿਆਨ ਵਿਸ਼ੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ

ਗਈ। ਇਸ ਮੌਕੇ ਸਕੂਲ ਦੇ ਸੇਵਾ ਮੁਕਤ ਸੈਂਟਰ ਹੈੱਡ ਟੀਚਰ ਅਮਰਜੀਤ ਕੋਮਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਪੰਜਵੀਂ ਸ਼੍ਰੇਣੀ ਦੇ ਇੰਚਾਰਜ ਅਧਿਆਪਕਾਂ ਰਚਨਾਪੁਰੀ , ਮਨਮੋਹਣ ਕੌਰ ਵੱਲੋਂ ਸਕੂਲ ਮੁਖੀ ਦਾ ਧੰਨਵਾਦ ਕਰਦੇ ਹੋਏ ਕਿਹਾ ਗਿਆ ਕਿ ਇਹ ਵਿਦਿਅਕ ਟੂਰ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਅਤੇ ਸਾਇੰਸ ਵਿਸ਼ੇ ਨਾਲ ਜੋੜਨ ਲਈ ਸਹਾਈ ਸਿੱਧ ਹੋਵੇਗਾ। ਇਸ ਮੌਕੇ ਕਮਲਦੀਪ ਬਾਵਾ, ਨੀਤੂ ਆਨੰਦ, ਮੋਨਿਕਾ ਅਰੋੜਾ, ਸ਼ੈਲਜਾ ਸ਼ਰਮਾ, ਕੁਲਦੀਪ ਕੌਰ, ਮਮਤਾ ਦੇਵੀ, ਸ਼ਮਾ ਰਾਣੀ, ਮੰਜੂ ਰਾਣੀ, ਬਰਿੰਦਾ ਸ਼ਰਮਾ, ਸਰੋਜ ਰਾਣੀ ਆਦਿ ਸਖਸ਼ੀਅਤਾਂ ਸ਼ਾਮਿਲ ਸਨ।

ਸਵਰਗੀ ਸ: ਜਬਰ ਸਿੰਘ ਸਿੱਧੂ ਦੀ ਯਾਦ ਵਿੱਚ ਤਿੰਨ ਰੋਜ਼ਾ ਕ੍ਰਿਕਟ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਸੰਪੰਨ ਹੋਇਆ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਸਿੱਧੂ ਪਰਿਵਾਰ ਦੇ ਵੱਲੋਂ ਹਰ ਸਾਲ ਦੀ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਯਾਦ ਵਿੱਚ ਲਾਸਾਨੀ ਸਹਾਦਤ ਨੂੰ ਸਮਰਪਿਤ ਸ: ਜਬਰ ਸਿੰਘ ਸਿੱਧੂ ਦੀ ਨਿੱਘੀ ਯਾਦ ਵਿੱਚ ਤਿੰਨ ਰੋਜ਼ਾ ਕੋਸਕੋ ਕ੍ਰਿਕਟ ਟੂਰਨਾਮੈਂਟ ਦੁੱਗਰੀ, ਅਰਬਨ ਅਸਟੇਟ, ਫੇਸ-2 ਲੁਧਿਆਣਾ ਵਿਖੇ ਕਰਵਾਇਆ ਗਿਆ । ਇਸ ਟੂਰਨਾਮੈਂਟ ਵਿੱਚ ਪੰਜਾਬ ਭਰ ਤੋਂ ਕ੍ਰਿਕਟ ਟੀਮਾਂ ਨੇ ਹਿੱਸਾ ਲਿਆ । ਜਿਹਨਾਂ ਨੇ ਆਪਣੀ ਟੀਮ ਦੇ ਵੱਲੋਂ ਚੰਗੇ ਤੋਂ ਚੰਗਾ ਖੇਡ ਪ੍ਰਦਰਸ਼ਨ ਕੀਤਾ । ਜੇਤੂ ਖਿਡਾਰੀਆਂ ਨੂੰ ਹਰੇਕ ਗੇਂਦ ਤੇ ਸਕੋਰ ਬਣਾਉਣ ਤੇ ਦਿਲ ਖਿਚਵੇ ਇਨਾਮ ਦਿੱਤੇ ਗਏ। ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਤੇ ਨੌਜਵਾਨ ਪੀੜੀ ਨੇ ਹਿੱਸਾ ਲਿਆ । ਹਲਕਾ ਆਤਮ ਨਗਰ ਤੋਂ ਵਿਧਾਇਕ ਐਡਵੋਕੇਟ ਕੁਲਵੰਤ ਸਿੰਘ ਸਿੱਧੂ ਤੇ ਕੈਬਿਨੇਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ । ਇਸ ਮੌਕੇ ਤੇ ਰੁਸਤਮੇ ਹਿੰਦ ਪਹਿਲਵਾਨ ਸ: ਸੁਮੇਰ ਸਿੰਘ ਪਹਿਲਵਾਨ, ਰਾਜਪਾਲ ਸਿੰਘ ਤੇ ਉਹਨਾਂ ਦੀ ਸਮੁੱਚੀ ਟੀਮ ਨੇ ਹਾਜ਼ਰੀ ਲਗਵਾਈ । ਉਹਨਾਂ ਨੇ ਇਸ ਮੌਕੇ ਤੇ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਹੱਟ ਕੇ ਖੇਡਾਂ

ਵੱਲ ਜੁੜਨ ਦੀ ਅਪੀਲ ਕੀਤੀ । ਇਸ ਮੌਕੇ ਤੇ ਪਹੁੰਚੇ ਚੇਅਰਮੈਨ ਸ਼ਰਨਪਾਲ ਸਿੰਘ ਸਮਾਲ ਸਕੇਲ ਮੱਕੜ ਇੰਡਸਟਰੀ, ਈਸ਼ਵਰ ਸਿੰਘ ਪਹਿਲਵਾਨ, ਜਗਮੀਤ ਸਿੰਘ ਨੋਨੀ ਕੌਂਸਲਰ, ਵਿਧਾਇਕ ਮਦਨ ਲਾਲ ਬੱਗਾ ਤੋਂ ਇਲਾਵਾ ਵੱਖ-ਵੱਖ ਪਿੰਡਾਂ ਤੋਂ ਆਏ ਸਰਪੰਚ ਨੇ ਇਸ ਟੂਰਨਾਮੈਂਟ ਵਿੱਚ ਯੋਗਦਾਨ ਪਾਇਆ। ਇਹ ਟੂਰਨਾਮੈਂਟ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋਇਆ । ਕੈਬਿਨੇਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੂੰ ਭਰੋਸਾ ਦਿਵਾਇਆ, ਆਉਣ ਵਾਲੇ ਸਮੇਂ ਦੇ ਵਿੱਚ ਖਿਡਾਰੀਆਂ ਦੇ ਲਈ ਕ੍ਰਿਕਟ ਸਟੇਡੀਅਮ ਬਣਾਉਣ ਦਾ ਐਲਾਨ ਕੀਤਾ ਤਾਂ ਕਿ ਨੌਜਵਾਨ ਪੀੜੀ ਨਸ਼ਿਆਂ ਤੋਂ ਹੱਟ ਕੇ ਖੇਡਾਂ ਵੱਲ ਪ੍ਰੇਰਿਤ ਹੋਣ । ਆਏ ਹੋਏ ਮਹਿਮਾਨਾਂ ਤੇ ਖਿਡਾਰੀਆਂ ਦਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਤਹਿ ਦਿੱਲੋਂ ਧੰਨਵਾਦ ਕੀਤਾ ਗਿਆ ।

ਨਵਾਂਸ਼ਹਿਰ ਜਿਲੇ ਕਸਬਾ ਬੰਗਾ ਵਿਖੇ ਆਪਸੀ ਰੰਜਿਸ਼ ਕਾਰਨ ਸ਼ਰੇਆਮ ਚੱਲੀਆਂ ਗੋਲੀਆਂ 5 ਜ਼ਖ਼ਮੀ ਪੁਲਿਸ ਵੱਲੋਂ ਦੋ ਨਾਮਜ਼ਦ

ਐਸਐਸਪੀ ਡਾ ਮਹਿਤਾਬ ਸਿੰਘ ਇਸ ਮਾਮਲੇ ਵਿੱਚ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ

ਨਵਾਂਸ਼ਹਿਰ /ਬੰਗਾ (ਜਤਿੰਦਰ ਪਾਲ ਸਿੰਘ ਕਲੇਰ) ਅੱਜ ਬੰਗਾ ਸ਼ਹਿਰ ਦੇ ਬੱਸ ਸਟੈਂਡ ਤੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਜਦੋਂ ਇੱਕ ਗੱਡੀ ਦਾ ਪਿੱਛਾ ਕਰਦੀ ਹੋਈ ਦੂਜੀ ਗੱਡੀ ਆਈ ਤੇ ਬੱਸ ਸਟੈਂਡ ਤੇ ਹੀ ਗੋਲੀਆਂ ਦੀ ਬਰਸਾਤ ਕਰ ਦਿੱਤੀ ਜਿਸ ਕਰਕੇ ਗੱਡੀ ਵਿੱਚ ਬੈਠੇ ਵਿਅਕਤੀਆਂ ਵਿੱਚ ਪੰਜ ਵਿਅਕਤੀ ਜਖਮੀ ਹੋ ਗਏ ਜੋ ਪਹਿਲੀ ਗੱਡੀ ਦੇ ਵਿੱਚ ਬੈਠੇ ਸਨ। ਇਹਨਾਂ ਨੂੰ ਡੀਐਮਸੀ ਲੁਧਿਆਣਾ ਲਈ ਰੈਫਰ ਕਰ ਦਿੱਤਾ ਗਿਆ ਜਿਨਾਂ ਵਿੱਚੋਂ ਦੋ ਦੀ ਹਾਲਤ ਬਹੁਤ ਗੰਭੀਰ ਹੈ ਇਸ ਮੌਕੇ

ਐਸ ਐਸ ਪੀ ਡਾਕਟਰ ਮਹਿਤਾਬ ਸਿੰਘ ਪ੍ਰੈਸ ਨੂੰ ਘਟਨਾ ਸੰਬੰਧੀ ਜਾਣਕਾਰੀ ਦਿੰਦੇ ਹੋਏ ਉਹਨਾਂ ਕਿਹਾ ਕਿ ਦੋ ਮੁਲਜ਼ਮਾਂ ਇਸ ਮਾਮਲੇ ਵਿੱਚ ਨਾਮਜ਼ਦ ਕਰ ਲਿਆ ਗਿਆ ਜਿਨਾਂ ਤੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਕਬੱਡੀ ਦਾ ਕਿੰਗ ਪ੍ਰਮੋਟਰ ਜਤਿੰਦਰ ਜੌਹਲ,1

ਅੱਜ ਗੱਲ ਕਰਦੇ ਆ ਜੰਡਿਆਲਾ ਮੰਜ਼ਕੀ ਪਿੰਡ ਕਬੱਡੀ ਵਿੱਚ ਸੁਰਖੀਆਂ ਵਿੱਚ ਰਹਿੰਦਾ ਤੇ ਉਸ ਪਿੰਡ ਦਾ ਅਨਮੋਲ ਹੀਰਾ ਜਤਿੰਦਰ ਜੌਹਲ ਕਬੱਡੀ ਦਾ ਕਿੰਗ ਪ੍ਰਮੋਟਰ ਆ ਜੋ ਗੱਲ ਜ਼ਬਾਨ ਵਿੱਚੋ ਨਿਕਲ ਗਈ ਤੇ ਫਿਰ ਪੂਰੀ ਕਰਕੇ ਸਾਹ ਲੈਂਦਾ ਹੁਣ ਤੱਕ ਅਨੇਕਾਂ ਗੱਡੀਆਂ ਤੇ ਬੁੱਲਟ ਮੋਟਰਸਾਈਕਲ ਤੇ ਟਰੈਕਟਰ ਚੌਲਾਂ ਵਾਂਗ ਵੰਡੇ ਆ ਟਰੇਸੀ ਵਾਲੇ ਕਾਲੇ ਦਾ ਭਾਣਜਾ ਤੇ ਜੱਗੇ ਜੰਡੀਆਂ ਸੁੱਖੇ ਚੱਕਾ ਵਾਲੇ ਦਾ ਪੱਕਾ ਦੋਸਤ ਆ ਬਾਬਾ ਦੀਪ ਸਿੰਘ ਕਲੱਬ ਮਾਝਾ ਦਾ ਮੇਨ ਪ੍ਰਮੋਟਰ ਵੀਰ ਜਤਿੰਦਰ ਦੀ ਵੱਡੀ ਦੇਣ ਆ ਖੇਡ ਕਬੱਡੀ ਨੂੰ ਅਕਸਰ ਕਬੱਡੀ ਦੇ ਬੁਲਾਰੇ ਜਤਿੰਦਰ ਜੌਹਲ ਦੀ ਦਰੇਲੀ ਦੀ ਗੱਲ ਕਰਦੇ ਰਹਿੰਦੇ ਆ ਕਈ ਕਹਿੰਦੇ ਜੌਹਲ ਦਾ ਬੱਠਲ ਵਰਗਾ ਦਿਲ ਆ ਸਨਮਾਨਿਤ ਵਿੱਚ ਗੱਡੀ ਦੇਣਾ ਸੱਜੇ ਹੱਥ ਦਾ ਕੰਮ ਆ ਹਰ ਸਾਲ ਤਕਰੀਬਨ 7-8 ਗੱਡੀਆਂ ਤੇ 25-30 ਮੋਟਰਸਾਈਕਲ ਕਬੱਡੀ ਵਿੱਚ ਜਤਿੰਦਰ ਜੌਹਲ ਵੱਲੋਂ ਸੇਵਾ ਕੀਤੀ ਜਾਂਦੀ ਆ ਬਹੁਤ

ਜਤਿੰਦਰ ਜੌਹਲ।

ਗਰੀਬ ਮੁੰਡਿਆਂ ਦੇ ਵੀਜ਼ੇ ਲਗਵਾਏ ਜੋ ਹੱਕਦਾਰ ਨੇ ਇਹ ਹੁੰਦੀ ਆ ਪ੍ਰਮੋਟਰ ਅਖਵਾਉਣ ਦੀ ਜੁਰਤ ਦੋਸਤੋ



ਸ਼ਰਨਾ ਤਖਤੂਪੁਰੀਆ

ਸਾਨੂੰ ਮਾਨ ਆ ਜਤਿੰਦਰ ਜੌਹਲ ਵਰਗੇ ਭਰਾ ਦਿੱਤੇ ਆ ਕਬੱਡੀ ਨੇ ਜੋ ਸਦਾ ਸਾਡੇ ਨਾਲ ਪ੍ਰਛਾਵਾਂ ਬਣਕੇ ਦਿਨ ਰਾਤ ਖੜੇ ਆ ਤੇ ਇਸ ਸਾਲ ਜੌਹਲ ਵੀਰ ਵੱਲੋਂ ਦੋ ਦਿਨ ਪਹਿਲਾ ਜੰਡੂ ਸਿੰਘੇ ਕੱਪ ਤੇ ਗੋਰੇ ਸਰਹਾਲੀ ਵਾਲੇ ਨੂੰ 25ਲੱਖ ਦੀ ਸਕਾਰਪੀਓ ਗੱਡੀ ਨਾਲ ਸਨਮਾਨਿਤ ਕੀਤਾ ਗਿਆ ਸਲੂਟ ਆ ਵੀਰ ਨੂੰ ਕਦੇ ਮਾਨ ਨੀ ਕੀਤਾ ਐਡਾ ਵੱਡਾ ਨਾਮ ਕਬੱਡੀ ਵਿੱਚ ਵਾਹਿਗੁਰੂ ਏਦਾਂ ਹੀ ਮੇਹਰ ਕਰੇ ਸਾਡੇ ਵੀਰ ਤੇ ਹੁਣ ਐਤਕੀ 25ਮੋਟਰਸਾਈਕਲ ਤੇ ਗੱਡੀਆਂ ਇਸ ਸੀਜਨ ਵਿੱਚ ਕਬੱਡੀ ਵਿੱਚ ਸਨਮਾਨਿਤ ਕੀਤੇ ਜਾਣਗੇ ਆਉਣ ਵਾਲੇ ਕਿਸੇ ਵੀ ਕੱਪ ਤੇ ਹੋਰ ਬਹੁਤ ਬਾਕੀ ਆ ਲਿਖਣੇ ਨੂੰ ਕਦੇ ਫਿਰ ਕਰਾਂਗੇ ਲਫ਼ਜ ਸਾਂਝੇ ਮੈਂ ਤੁਹਾਡਾ ਆਪਣਾ ਸ਼ਰਨਾ ਤਖਤੂਪੁਰੀਆ।



ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਪੱਤਰਕਾਰ
9592282333=9876038332

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾਂ ਸ਼ਤਾਬਦੀ

ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਰਾਏਕੋਟ ਤੋਂ ਅਗਲੇ ਪੜਾਅ ਗੁਰਦੁਆਰਾ ਬਾਬਾ ਅਜੈਪਾਲ ਸਿੰਘ ਜੀ ਨਾਭਾ ਲਈ ਰਵਾਨਾ

ਰਾਏਕੋਟ, (ਗੁਰਭਿੰਦਰ ਸਿੰਘ ਗੁਰੀ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਤੋਂ ਅਗਲੇ ਪੜਾਅ ਗੁਰਦੁਆਰਾ ਬਾਬਾ ਅਜੈਪਾਲ ਸਿੰਘ ਜੀ ਨਾਭਾ ਲਈ ਰਵਾਨਾ ਹੋਇਆ।

ਇਸ ਮੌਕੇ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਸਜੇ ਧਾਰਮਿਕ ਦੀਵਾਨ ਮੌਕੇ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ

ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਸੰਗਤਾਂ ਨਾਲ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਇਤਿਹਾਸ ਦੀ ਸਾਂਝ ਪਾਈ। ਨਗਰ ਕੀਰਤਨ ਦੀ ਰਵਾਨਗੀ ਮੌਕੇ ਪਾਲਕੀ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼ਸ਼ੋਭਿਤ ਕਰਨ ਦੀ ਸੇਵਾ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਨਿਭਾਈ। ਨਗਰ ਕੀਰਤਨ ਦੀ ਰਵਾਨਗੀ ਮੌਕੇ ਐਸਜੀਪੀਸੀ ਮੈਂਬਰ ਜਗਜੀਤ ਸਿੰਘ ਤਲਵੰਡੀ, ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਦੇ ਮੈਨੇਜਰ ਤਰਸੇਮ ਸਿੰਘ ਬਲਿਆਨ ਅਤੇ ਪ੍ਰਬੰਧਕਾਂ ਨੇ ਪੰਜ ਪਿਆਰੇ ਸਾਹਿਬਾਨ ਅਤੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ। ਰਸਤੇ ਵਿਚ ਵੱਖ ਵੱਖ ਪੜਾਵਾਂ ਤੇ ਸੰਗਤਾਂ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਲਈ ਲੰਗਰ ਲਗਾਏ ਗਏ। ਇਸ ਮੌਕੇ ਪੁਲਿਸ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਲਾਮੀ ਦੇ ਕੇ ਸਤਿਕਾਰ ਭੇਟ ਕੀਤਾ ਗਿਆ ਅਤੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਵੀ ਹਜ਼ਾਰੀ ਭਰ ਕੇ ਸ਼ਰਧਾ ਪ੍ਰਗਟਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਜੱਥੇਦਾਰ ਜਗਜੀਤ ਸਿੰਘ ਤਲਵੰਡੀ, ਸ. ਹਰਪਾਲ ਸਿੰਘ ਜੱਲ੍ਹਾ, ਬਾਬਾ ਗੁਰਜੀਤ ਸਿੰਘ ਕਾਰ ਸੇਵਾ ਵਾਲੇ, ਬਾਬਾ ਸਰਬਜੋਤ ਸਿੰਘ ਡਾਂਗੋ, ਹਲਕਾ ਇੰਚਾਰਜ ਸ. ਬਲਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ (ਦਿਹਾਤੀ) ਸ. ਚੰਦ ਸਿੰਘ, ਮੀਤ ਸਕੱਤਰ ਸ. ਮਨਜੀਤ ਸਿੰਘ ਤਲਵੰਡੀ, ਇੰਚਾਰਜ ਸ. ਹਰਜਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸੁਪਰਵਾਈਜ਼ਰ ਸ. ਲਾਲ ਸਿੰਘ, ਸ. ਸੁਖਰਾਜ ਸਿੰਘ ਤੇ ਸ. ਗੁਰਮੀਤ ਸਿੰਘ, ਗੁ: ਇੰਸਪੈਕਟਰ ਸ. ਰਣਜੀਤ ਸਿੰਘ, ਸ. ਸ਼ਰਨਜੀਤ ਸਿੰਘ ਤੇ ਸ. ਮਲਕੀਤ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ ਆਯੋਜਿਤ : ਢੋਸੀਵਾਲ

ਸ੍ਰੀ ਮੁਕਤਸਰ ਸਾਹਿਬ, (ਸਮਾਜ ਵੀਕਲੀ) ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਿਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਸਥਾਨਕ ਕੋਟਕਪੂਰਾ ਰੋਡ ਸਥਿਤ ਰਾਹਤ ਹੋਟਲ ਵਿਖੇ ਹੋਏ ਇਸ ਸਮਾਰੋਹ ਦੀ ਪ੍ਰਧਾਨਗੀ ਬਿਮਲਾ ਢੋਸੀਵਾਲ ਨੇ ਕੀਤੀ, ਜਦੋਂ ਕਿ ਇੰਦਰਜੀਤ ਕੌਰ ਕੌਂਸਲਰ ਨੇ ਬਤੌਰ ਮੁੱਖ ਮਹਿਮਾਨ ਸਮਾਰੋਹ ਵਿੱਚ ਸ਼ਿਰਕਤ ਕੀਤੀ। ਮਿਸ਼ਨ ਮੁੱਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਅਤੇ ਦੇਖ ਰੇਖ ਹੋਏ ਇਸ ਸਮਾਰੋਹ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੀਫ ਪੈਟਰਨ ਇੰਸ. ਜਗਸੀਰ ਸਿੰਘ, ਪੈਟਰਨ ਡਾ. ਸੁਰਿੰਦਰ ਗਿਰਧਰ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਲੋਕ ਸੰਪਰਕ ਵਿੰਗ ਦੇ ਡਾਇਰੈਕਟਰ ਵਿਜੇ ਸਿਡਾਨਾ, ਜੁਗਨੂੰ ਗਗਨੇਜਾ, ਰਜਨੀ ਜੋਸ਼ੀ, ਕਮਲ ਕਿਸ਼ੋਰ ਸ਼ਰਮਾ, ਪ੍ਰਿਯਾ, ਸੁਮਨ ਗਿਰਧਰ, ਵੀਰਪਾਲ ਕੌਰ ਤੋਂ ਇਲਾਵਾ ਗੋਵਿੰਦ, ਮਾਧਵ, ਅਨਾਇਆ, ਆਨਿਆ, ਜਾਨਵੀ, ਮਾਹਿਰ ਸਮੇਤ ਵੀਰਪਾਲ ਕੌਰ ਬਲਾਕ ਪ੍ਰਧਾਨ, ਜਸਕਰਨ ਸਿੰਘ ਸੀ.ਆਈ.ਡੀ., ਮੋਨਿਕਾ ਅਰੋੜਾ ਆਦਿ ਸਮੇਤ ਸਨਮਾਨਿਤ ਕੀਤੀਆਂ ਕੰਨਿਆਵਾਂ ਦੇ ਮਾਂ-ਬਾਪ ਅਤੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਇਸ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਦੇਕਰਨ ਦੇ ਪ੍ਰਿੰਸੀਪਲ ਦੀਪਕ ਬਾਂਸਲ ਅਤੇ ਲੈਕਚਰਾਰ ਅਮਨ ਚੁੱਘ ਵੀ

ਸਮਾਰੋਹ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮਿਸ਼ਨ ਮੈਂਬਰ ਪੂਨਮ ਗਿਰਧਰ ਨੇ ਮੁੱਖ ਮਹਿਮਾਨ ਅਤੇ ਹੋਰਨਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਜੀ ਆਇਆ ਕਿਹਾ। ਸਮਾਰੋਹ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਨੇਹਾ , ਪੂਨਮ , ਤਾਨੀਆ , ਮੰਨਤ, ਸਾਹਿਰਾ, ਸਿਮਰਨ, ਸਮਰੀਤ, ਹਰਮਨਪ੍ਰੀਤ, ਕੋਮਲਪ੍ਰੀਤ, ਮਨਪ੍ਰੀਤ ਕੌਰ, ਰੂਹਾਨੀ, ਅਰਸ਼ਪ੍ਰੀਤ, ਖੁਸ਼ਪ੍ਰੀਤ, ਕਿਰਨਦੀਪ, ਕਰਮਦੀਪ, ਇੱਛਾ ਮਨਵੀਰ , ਮਹਿਕ, ਰਾਧਿਕਾ, ਰਜਨੀ, ਸਮਦ੍ਰਿਸ਼ਟੀ, ਮਾਨਿਆ, ਅਨੰਦ ਜੋਤੀ ਅਤੇ ਸੁਖਪ੍ਰੀਤ ਸਮੇਤ 23 ਪ੍ਰਤਿਭਾਸ਼ਾਲੀ ਕੰਨਿਆਵਾਂ ਨੂੰ ਮਿਸ਼ਨ ਵੱਲੋਂ ਮੁੱਖ ਮਹਿਮਾਨ ਦੁਆਰਾ ਸ਼ਾਨਦਾਰ ਮੋਮੈਂਟੋ ਭੇਂਟ ਕਰਕੇ ਉਨ੍ਹਾਂ ਦੀ ਹੌਂਸਲਾ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਇੰਦਰਜੀਤ ਕੌਰ ਕੌਂਸਲਰ ਨੇ ਮਿਸ਼ਨ ਵੱਲੋਂ ਸਨਮਾਨ ਸਮਾਰੋਹ ਕੀਤੇ ਜਾਣ ਦੇ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਹੋਏ ਮਿਸ਼ਨ ਮੁੱਖੀ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਮਾਜ ਵਿੱਚ ਵਧੀਆ ਨਾਮਣਾ ਖੱਟਣ ਵਾਲੀਆਂ ਇਹ ਕੰਨਿਆਵਾਂ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੁੰਦੀਆਂ ਹਨ। ਸਮਾਗਮ ਦੌਰਾਨ ਪ੍ਰਿੰ. ਬਾਂਸਲ ਅਤੇ ਲੈਕਚਰਾਰ ਅਮਨ ਚੁੱਘ ਨੇ ਅੱਜ ਦੇ ਸਮਾਰੋਹ ਲਈ ਮਿਸ਼ਨ ਦੀ ਸ਼ਲਾਘਾ ਕਰਦੇ ਹੋਏ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਨੂੰ ਮਨੁੱਖਤਾ ਦੀ ਸਭ ਤੋਂ ਵਧੀਆ ਸੇਵਾ ਕਰਾਰ ਦਿੱਤਾ। ਸਮਾਰੋਹ ਦੌਰਾਨ ਆਪਣੇ ਸੰਬੋਧਨ ਵਿੱਚ ਮਿਸ ਨੇਹਾ ਖਾਨ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਖੇਡਾਂ ਅਤੇ ਹੋਰਨਾਂ ਖੇਤਰਾਂ ਵਿੱਚ ਲੜਕੀਆਂ ਦੀ ਸ਼ਾਨਦਾਰ ਕਾਰਗੁਜਾਰੀ ਸਾਡੇ ਦੇਸ਼ ਦੀ ਉੱਨਤੀ ਵੱਲ ਲਿਜਾਣ ਵਾਲਾ ਵਧੀਆ ਕਦਮ ਹਨ। ਮੁੱਖ ਰੂਪ ਵਿੱਚ ਆਪਣੇ ਸੰਬੋਧਨ ਵਿੱਚ ਪ੍ਰਧਾਨ ਢੋਸੀਵਾਲ ਨੇ ਅੱਜ ਸਨਮਾਨਿਤ ਕੀਤੀਆਂ ਗਈਆਂ ਸਾਰੀਆਂ ਲੜਕੀਆਂ, ਉਨ੍ਹਾਂ ਦੇ ਮਾਂਪਿਆਂ, ਅਧਿਆਪਕਾਂ ਅਤੇ ਸਿਖਲਾਈ ਦੇਣ ਵਾਲੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੱਤੀ। ਸਮਾਰੋਹ ਦੌਰਾਨ ਬਾਕੀ ਸਮੂਹ ਬੁਲਾਰਿਆਂ ਨੇ ਵੀ ਆਪਣੇ ਸੰਬੋਧਨ ਦੌਰਾਨ ਸਨਮਾਨਿਤ ਕੀਤੀਆਂ ਗਈਆਂ ਸਾਰੀਆਂ ਲੜਕੀਆਂ ਨੂੰ ਵਧਾਈ ਦਿੱਤੀ। ਉਕਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਸਮਾਰੋਹ ਦੌਰਾਨ ਮਹਿਨਾਜ , ਮਾਨਿਆ, ਜਾਨਵੀ ਅਤੇ ਅਨਾਇਆ ਸਮੇਤ ਕਈ ਹੋਰ ਬੱਚੀਆਂ ਨੇ ਸ਼ਾਨਦਾਰ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ। ਸਮਾਰੋਹ ਵਿੱਚ ਰੋਸ਼ਨ ਲਾਲ, ਜਗਦੇਵ ਸਿੰਘ, ਯਸ਼, ਕਮਲਜੀਤ , ਪੁਸ਼ਪਾ, ਸੇਵਾ ਸਿੰਘ, ਮਨਸੀਰਤ, ਨਰਿੰਦਰ ਕੌਰ, ਸੋਮਾ ਕੌਰ, ਸਪਿੰਦਰਜੀਤ ਸਿੰਘ, ਅਮਨਪ੍ਰੀਤ ਕੌਰ, ਰਾਜ ਕੁਮਾਰ, ਸ਼ਿਵਾਲੀ, ਸੰਤ ਲਾਲ, ਹਰਦੀਪ ਸਿੰਘ, ਅਮਨਦੀਪ ਕੌਰ, ਸੰਸਾਰ ਖਾਨ, ਪਰਮਵੀਰ ਸਿੰਘ, ਰਵੀ ਕੁਮਾਰ, ਨੀਤੀ, ਰਮਨਦੀਪ ਅਤੇ ਦੀਪਤੀ ਆਦਿ ਸਮੇਤ ਕਈ ਹੋਰ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ। ਸਮਾਰੋਹ ਦੀ ਸਮਾਪਤੀ ਉਪਰੰਤ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਸ਼੍ਰੀਮਤੀ ਸੋਨੀਆ (ਕੁਕ-ਕਮ-ਹੈਲਪਰ) ਸ.ਪ. ਸ. ਭੋਲੇਵਾਲ ਨੇ ਮਿਡ ਡੇ ਮੀਲ ਵਰਕਰਾਂ ਦੀ ਪ੍ਰਤੀਯੋਗਿਤਾ ਜਿਲ੍ਹੇ ਵਿੱਚੋ ਤੀਜਾ ਸਥਾਨ ਪ੍ਰਾਪਤ ਕਰਨ ਤੇ ਮਾਣਯੋਗ ਜਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਅਨੀਤਾ ਸ਼ਰਮਾ ਅਤੇ ਉੱਪ ਜਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਲਖਵੀਰ ਸਿੰਘ ਵਲੋਂ ਸਨਮਾਨਿਤ ਕੀਤਾ ਗਿਆ।
ਫੋਟੋ ਦਾ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ

ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ਫ਼ਰੀਦਕੋਟ ਵੱਲੋਂ ਲਗਾਇਆ ਲਗਾਤਾਰ ਤਿੰਨ ਦਿਨ ਵਿਸ਼ਾਲ ਖੂਨਦਾਨ ਕੈਂਪ

ਫ਼ਰੀਦਕੋਟ (ਸਮਾਜ ਵੀਕਲੀ) ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋ ਗੁਰਦੁਆਰਾ ਸਾਹਿਬ ਸੁਲਤਾਨਪੁਰ ਲੋਧੀ ਵਿੱਚ ਤਿੰਨ ਦਿਨ ਲਗਾਤਾਰ ਖੂਨਦਾਨ ਕੈਂਪ ਲਗਾਇਆਂ। ਜਿਸ ਵਿਚ ਸੰਗਤਾਂ ਵੱਲੋ ਵਧ ਚੜ੍ਹ ਕੇ ਖੂਨਦਾਨ ਕੀਤਾ ਗਿਆ। ਇਹ ਜਾਣਕਾਰੀ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਨੇ ਵੱਲੋ ਕੀਤੀ ਗਈ। ਓਨਾਂ ਦੱਸਿਆ ਕਿ ਇਹ ਕੈਪ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ ਦੇ ਪੁਰਬ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਸਮੇ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਬਰਾੜ ਗੋਲੇਵਾਲਾ, ਖਜਾਨਚੀ ਸਤਨਾਮ ਸਿੰਘ ਮੰਗੇੜਾ ਕੋਟਕਪੂਰਾ, ਸਲਾਹਕਾਰ ਗੁਰਸੇਵਕ ਸਿੰਘ ਥਾੜਾ ਸਟੋਕ ਮਨੇਜੈਰ ਸਵਰਾਜ ਸਿੰਘ,ਮਨੈਜਰ ਜੱਸੀ ਥਾੜਾ, ਅਮਨਦੀਪ ਸਿੰਘ ਨਵਾਂ ਕਿਲਾ ਸਕੱਤਰ ਸੁਖਵੀਰ ਸਿੰਘ, ਅਰਸ਼ਦੀਪ ਸਿੰਘ ਕੋਠੇ ਧਾਲੀਵਾਲ, ਦਲਜੀਤ ਸਿੰਘ ਡੱਲੇਵਾਲਾ, ਗੁਰਪ੍ਰੀਤ ਸਿੰਘ, ਅਰਮਾਨ ਸਿੰਘ, ਗੁਰਨੂਰ ਸਿੰਘ , ਨੈਤਿਕ ਮੌਂਗਾ, ਦਵਿੰਦਰ ਸਿੰਘ ਮੰਡ, ਸਿਮਰਨਜੀਤ, ਮਿਤੀ, ਗੁਰਜੰਟ, ਗੁਰਸ਼ਰਨ, ਸ਼ੈਟੀ,ਹੈਰੀ ਕੋਟ ਸੋਖਿਆ, ਜਸਪ੍ਰੀਤ ਸਿੰਘ,ਗੁਰੀ ਅਪਾਰਸਪ੍ਰੀਤ ਸਿੰਘ ਤੇ ਕਰਨ ਭੋਲੂਵਾਲਾ ਆਦਿ ਹਾਜ਼ਰ ਸਨ।

ਰੁਲ਼ਦੂ ਦੀ ਸਲਾਹ
(ਵਿਅੰਗ)

ਚਲ ਮਿੱਤਰਾ ਬਾਬੇ ਬਣ ਜਾਈਏ ,
ਕੰਮ ਕਰਨ ਦੀ ਲੋੜ 'ਨੀਂ ਰਹਿਣੀ ।
ਚੇਲੇ ਦੋ ਚਾਰ ਆਪ ਬਣਾ 'ਲੀਏ ,
ਚੇਲੀਆਂ ਦੀ ਫ਼ਿਰ ਥੋੜ 'ਨੀਂ ਰਹਿਣੀ।
ਅਫ਼ਸਰ ਅਤੇ ਸਿਆਸੀ ਲੀਡਰ ,
ਆਪਣੀ ਚੌਂਕੀ ਭਰਿਆ ਕਰਨਗੇ ;
ਖਾਣ ਪੀਣ ਦੀਆਂ ਪੂਰੀਆਂ ਮੌਜਾਂ,
ਤੇ ਨਸ਼ੇ ਪੱਤੇ ਦੀ ਤੋੜ 'ਨੀਂ ਰਹਿਣੀ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

ਚੋਰ ਸਰਪੰਚ

ਮੈਂ ਸੁਣਿਆ,ਘਰ ਨੂੰ ਲੈ ਗਿਆ
ਚਾਰੇ ਦੀ ਭਰੀ ਭਰਾਈ ਗੱਡੀ
ਕਿਥੋਂ ਦਾ ਸੀ ਸਰਪੰਚ ਮਾਰ ਗਿਆ
ਪਸ਼ੂਆਂ ਦੇ ਨਾਲ ਠੱਗੀ
ਹਾਲੇ ਤੱਕ ਨਹੀਂ ਰੱਜੇ, ਰੋਜ਼ ਮਜ਼ਾਕ ਉਡਾਉਂਦੇ
ਲੋਕਾਂ ਦੇ ਹੱਥਾਂ ਚੋਂ ਰੋਟੀ ਖੋਹ ਕੇ ਜੋ ਭੱਜ ਜਾਂਦੇ
ਇਹੋ ਜਿਹਾ ਦੀ ਲਾਸ਼ ਨਹੀਂ
ਮਿਲਦੀ ਜਦ ਡਿਗਦੇ ਆ ਖੱਡੀ
ਕਿਥੋਂ ਦਾ ਸੀ ਸਰਪੰਚ ਮਾਰ ਗਿਆ
ਪਸ਼ੂਆਂ ਦੇ ਨਾਲ ਠੱਗੀ
ਸ਼ਰਮ ਕਰੋ ਬੇਸ਼ਰਮੋਂ ਕੋਈ ਹੱਥ
ਅਕਲ ਨੂੰ ਮਾਰੋ
ਜਿਹੜੇ ਪਹਿਲਾਂ ਹੀ ਮਰੇ ਪਏ ਆ
ਮਰਿਆ ਨੂੰ ਨਾਂ ਮਾਰੋ
ਫੇਰ ਤਹਾਨੂੰ ਸਮਝ ਆਓਗੀ ਗਹਿਰੀ
ਸੱਟ ਜਦੋ ਵੱਜੀ
ਕਿਥੋਂ ਦਾ ਸੀ ਸਰਪੰਚ ਮਾਰ ਗਿਆ
ਪਸ਼ੂਆਂ ਦੇ ਨਾਲ ਠੱਗੀ
ਗੁਰਮੀਤ ਡੁਮਾਣੇ ਵਾਲਿਆ ਏਥੇ
ਲੇਖਾਂ ਦੇਣਾ ਪੈਣਾ
ਲੁੱਟਾਂ ਖੋਹਾਂ ਕੀਤਿਆਂ ਸੁਣ ਲਓ ਕੱਖ
ਪੱਲੇ ਨਹੀਂ ਪੈਣਾ
ਨਾਲ ਗਰੀਬਾਂ ਕਰਕੇ ਧੱਕਾ ਜੋ
ਬਣਦੇ ਆ ਖੱਬੀ
ਕਿਥੇ ਦਾ ਸੀ ਸਰਪੰਚ ਮਾਰ ਗਿਆ
ਪਸ਼ੂਆਂ ਦੇ ਨਾਲ ਠੱਗੀ



ਗੁਰਮੀਤ ਡੁਮਾਣਾ
ਲੋਹੀਆਂ ਖਾਸ
ਜਲੰਧਰ

ਮੇਰੇ ਖਿਆਲ

ਉਹ ਔੜਾਂ ਮਾਰੀ ਧਰਤ ਹੋਵੇ ਤੇ ,
ਮੈਂ ਬੱਦਲ ਬਣ ਕੇ ਵਰ ਜਾਵਾਂ।

ਉਹ ਵਹਿਣ ਨਦੀ ਦਾ ਬਣ ਵਗੇ,
ਮੈਂ ਡੁੱਬਦਾ ਡੁੱਬਦਾ ਤਰ ਜਾਵਾਂ।

ਅੱਗ ਸੀਨੇ ਬਰਾਬਰ ਦੀ ਲੱਗ ਜਾਏ,
ਉਹ ਬਚ ਨਿਕਲੇ ਤੇ ਮੈਂ ਸੜ ਜਾਵਾਂ।

ਉਹ ਬਣ ਕੇ ਢਾਲ ਜੇ ਖੜ ਜਾਏ ਤੇ ,
ਮੈਂ ਸੰਗ ਦੁਨੀਆਂ ਦੇ ਲੜ ਜਾਵਾਂ।

ਉਹ ਮੁਨਕਰ ਨਾ ਹੋਏ ਵਾਧਿਆ ਤੋਂ,
ਤੇ ਮੈਂ ਨੰਗੇ ਪੈਰੀਂ ਉਹਦੇ ਘਰ ਜਾਵਾਂ।

ਮੇਰੇ ਸੁੱਖ ਵੀ ਉਹਦੀ ਪੈਣ ਝੋਲ਼ੀ ਦਵੇ ,
ਦੁੱਖ ਮੈਂ ਹੱਸਦਾ ਹੱਸਦਾ ਜ਼ਰ ਜਾਵਾਂ।

ਜੰਗ ਇਸ਼ਕ ਛਿੜੇ ਦਰਮਿਆਂ ਸਾਡੇ,
ਉਹ ਜਿੱਤ ਜਾਵੇ ਤੇ ਮੈਂ ਹਰ ਜਾਵਾਂ।

ਮਹਿਜ਼ ਮਾਹੀ ਅੱਖੀਆਂ ਦੇ ਬੈਠੀ ਸਾਹਵੇਂ,
ਆਖੇਂ ਮਰਜਾਣਾਂ ਤੇ ਮੈਂ ਮਰ ਜਾਵਾਂ ।

ਮਹਿਜ਼ ਮਾਹੀ ਅੱਖੀਆਂ ਦੇ ਬੈਠੀ ਸਾਹਵੇਂ,
ਆਖੇਂ ਮਰਜਾਣਾਂ ਤੇ ਮੈਂ ਮਰ ਜਾਵਾਂ।

ਆਖੇਂ ਮਰਜਾਣਾਂ ਤੇ ਮੈਂ,,,,,,,,,,,,

ਸ਼ਾਇਰ
ਮਾਹੀ ਮਰਜਾਣਾਂ

ਪੰਜਾਬ ਯੂਨੀਵਰਸਿਟੀ

ਯੂਨੀਵਰਸਿਟੀ ਪੰਜਾਬ ਦੀ ਰਹੇਗੀ,
ਧਰਮਾਂ ਦੇ ਵਿੱਚ ਫੁੱਟ ਨਾ ਪਾਓ।
ਸਿਆਸਤ ਨੂੰ ਚਮਕਾਉਣ ਦੇ ਚੱਕਰ,
ਹਿੰਦੂ ਸਿੱਖ ਨੂੰ ਨਾ ਲੜਾਓ।
ਪੈਸੇ ਧਰੋ ਕੇਂਦਰ ਦੇ ਹੱਥ ਤੇ,
ਯੂਨੀਵਰਸਿਟੀ ਆਪ ਚਲਾਓ।
ਮਾਂ ਬੋਲੀ ਹੈ ਪੰਜਾਬੀ ਸਭ ਦੀ,
ਪੰਜਾਬੀ ਬੋਲੋ ਪੰਜਾਬੀ ਪੜਾਓ।
ਪੰਜਾਬੀ ਭਾਸ਼ਾ ਮਾਣ ਹੈ ਸਭ ਦਾ,
ਸੋ ਗੱਲਾਂ ਦੀ ਗੱਲ ਮੁਕਾਓ।
ਧਰਮ ਦੇ ਨਾਂ ਤੇ ਜੋ ਭੜਕਾਉਂਦੇ,
ਸ਼ਰਾਰਤੀ ਅਨਸਰਾਂ ਨੂੰ ਭਜਾਓ ।
ਸ਼ਹਿਨਸ਼ੀਲਤਾ ਵਰਤੋ ਬਿੰਦਰਾ,
ਨਵੀਂ ਪੀੜੀ ਨੂੰ ਵੀ ਸਮਝਾਓ।



ਬਿੰਦਰ ਸਾਹਿਤ

ਤੋਹਫਾ

ਰੱਬ ਨੇ ਦਿੱਤਾ ਪਿਆਰਾ ਤੋਹਫਾ
ਭੈਣ ਦੇ ਰੂਪ ਵਿੱਚ ਮਿਲੀ ਸਹੇਲੀ
ਹਰ ਦਮ ਮੇਰਾ ਫਿਕਰ ਹੈ ਕਰਦੀ
ਮੇਰੇ ਸੁਖ ਦੁਖ ਵਿੱਚ ਹੈ ਖੜਦੀ ਪੜ੍ਹਾਈ ਦੇ ਵਿੱਚ ਬਹੁਤ ਹੁਸ਼ਿਆਰ ਹਰ ਕੋਈ ਕਰਦਾ ਹੈ ਸਤਿਕਾਰ ਹਮੇਸ਼ਾ ਮੈਨੂੰ ਰਹਿੰਦੀ ਸਮਝਾਉਂਦੀ ਛੋਟੀ ਹੋਕੇ ਮੈਨੂੰ ਸਹੀ ਰਾਹੇ ਪਾਉਂਦੀ ਮੈਂ ਉਸ ਨਾਲ ਹਰ ਗੱਲ ਹਾਂ ਕਰਦੀ ਮਿਹਨਤ ਕਰਨ ਤੋਂ ਉਹ ਕਦੇ ਨਾ ਡਰਦੀ,
ਹਰ ਇੱਕ ਨੂੰ ਉਹ ਸਮਝੇ ਆਪਣਾ ਪੂਰਾ ਹੋ ਜਾਏ ਉਸਦਾ ਸੁਪਨਾ।

ਸੀਮਾ ਰਾਣੀ
ਬਰਨਾਲਾ

23 ਤੋਂ 29 ਨਵੰਬਰ ਤੱਕ ਵਿਰਾਸਤ ਏ ਖਾਲਸਾ ਵਿੱਚ ਗੁਰੂ ਸਾਹਿਬ ਦੇ ਜੀਵਨ ਫਲਸਫੇ, ਲਾਸ਼ਾਨੀ ਸ਼ਹਾਦਤ ਨੂੰ ਡਰੋਨ ਸ਼ੋਅ ਰਾਹੀ ਦਰਸਾਇਆ ਜਾਵੇਗਾ- ਹਰਜੋਤ ਬੈਂਸ

ਉੱਤਰੀ ਭਾਰਤ ਵਿੱਚ ਪਹਿਲੀ ਵਾਰ ਅਸਮਾਨ ਤੇ ਵਿਖਾਈ ਦੇਵੇਗਾ ਅਲੋਕਿਕ ਦ੍ਰਿਸ਼– ਕੈਬਨਿਟ ਮੰਤਰੀ

ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ) ਸ੍ਰ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਅਤੇ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਹੈ ਕਿ ਉੱਤਰੀ ਭਾਰਤ ਵਿਚ ਪਹਿਲੀ ਵਾਰ 500 ਡਰੋਨ ਰਾਹੀ 23 ਤੋ 29 ਨਵੰਬਰ ਤੱਕ ਵਿਸ਼ਵ ਪ੍ਰਸਿੱਧ ਵਿਰਾਸਤ ਏ ਖਾਲਸਾ ਵਿੱਚ ਨੋਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਫਲਸਫੇ ਅਤੇ ਲਾਸ਼ਾਨੀ ਸ਼ਹਾਦਤ ਨੂੰ ਦਰਸਾਉਦੇ ਡਰੋਨ ਸ਼ੋਅ ਵਿਖਾਈ ਜਾਣਗੇ। ਜਿਸ ਦੇ ਲਈ ਵਿਆਪਕ ਪੱਧਰ ਤੇ ਤਿਆਰੀਆਂ ਕੀਤੀਆ ਜਾ ਰਹੀਆਂ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਹਿੰਦ ਦੀ ਚਾਦਰ ਨੋਵੇਂ ਪਾਤਸ਼ਾਹ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਪੰਜਾਬ ਸਰਕਾਰ ਵੱਲੋਂ ਬਹੁਤ ਹੀ ਸ਼ਰਧਾ ਤੇ ਧਾਰਮਿਕ ਭਾਵਨਾ ਨਾਲ ਮਨਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਸੰਤਾਂ ਮਹਾਪੁਰਸ਼ਾ ਵੱਲੋਂ ਸ੍ਰੀਨਗਰ, ਗੁਰਦਾਸਪੁਰ, ਫਰੀਦਕੋਟ ਅਤੇ ਤਲਵੰਡੀਸਾਬੋ ਤੋਂ ਚਾਰ ਵਿਸ਼ਾਲ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਰਹੇ ਹਨ। ਇਸ ਤੋ ਇਲਾਵਾ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਕੀਤਰਪੁਰ ਸਾਹਿਬ ਤੋ 24 ਨਵੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੱਕ ਸੀਸ਼ ਭੇਂਟ ਨਗਰ ਕੀਰਤਨ ਵੀ ਪੁੱਜ ਰਿਹਾ ਹੈ। ਇਨ੍ਹਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀ ਤੇ ਸਾਰੇ ਵਿਧਾਇਕ ਹਾਜ਼ਰੀ ਭਰਨਗੇ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ

ਨਿਮਾਣੀ ਸੰਗਤ ਦੀ ਤਰਾਂ ਇਨ੍ਹਾਂ ਸਮਾਗਮਾਂ ਵਿੱਚ ਸਾਮਿਲ ਹੋ ਰਹੀ ਹੈ।

ਸ.ਬੈਂਸ ਨੇ ਦੱਸਿਆ ਹੈ ਕਿ 24 ਨਵੰਬਰ ਨੂੰ ਭਾਈ ਜੈਤਾ ਜੀ ਮੈਮੋਰੀਅਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਪੰਜਾਬ ਵਿਧਾਨ ਸਭਾ ਦਾ ਵਿਸੇਸ਼ ਸੈਸ਼ਨ ਕਰਵਾਇਆ ਜਾ ਰਿਹਾ ਹੈ। ਇਸ ਤੋ ਪਹਿਲਾ 20 ਨਵੰਬਰ ਨੂੰ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿੱਚ ਰੋਸ਼ਨੀ ਅਤੇ ਆਵਾਜ਼ ਦਾ ਪ੍ਰੋਗਰਾਮ ਹੋਵੇਗਾ ਜਿਸ ਵਿੱਚ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸੰਗਤਾਂ ਨੂੰ ਵਡਮੁੱਲੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਸਰਬ ਧਰਮ ਸੰਮੇਲਨ ਵਿਰਾਸਤੀ ਯਾਤਰਾ, ਗਾਈਡਡ ਟੂਰ, ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਿਤ ਪ੍ਰਦਰਸ਼ਨੀ, ਢਾਡੀ ਵਾਰਾ ਨਾਲ ਵੀ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਗੁਰੂ ਕਾ ਬਾਗ ਛਾਉਣੀ ਬਾਬਾ ਬੁੱਢਾ ਦਲ ਵਿਖੇ 23 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 25 ਨਵੰਬਰ ਨੂੰ ਪੈਣਗੇ। ਉਨ੍ਹਾਂ ਨੇ ਦੱਸਿਆ ਕਿ ਸਰਬ ਧਰਮ ਸੰਮੇਲਨ ਵਿੱਚ ਪ੍ਰਮੁੱਖ ਸਖਸ਼ੀਅਤਾਂ ਪਹੁੰਚ ਰਹੀਆਂ ਹਨ। ਇਨ੍ਹਾਂ ਸਾਰੇ ਸਮਾਗਮਾਂ ਨੂੰ ਬਹੁਤ ਹੀ ਸਰ੍ਧਾ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਹ ਸਮਾਗਮ ਸਾਡਾ ਨੋਵੇਂ ਪਾਤਸ਼ਾਹ ਹਿੰਦੀ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਨਮਨ ਹੈ ਜਿਸ ਦੀਆਂ ਤਿਆਰੀਆਂ ਦਿਨ ਰਾਤ ਕੀਤੀਆ ਜਾ ਰਹੀਆਂ ਹਨ।

ਰਾਜ ਪੱਧਰੀ ਨਾਟਕ ਮੇਲਾ ਦੇ ਸਮਾਪਨ ਸਮਾਰੋਹ 'ਤੇ ਨਾਟਕ '-00000' ਨੇ ਦਰਸ਼ਕਾਂ ਨੂੰ ਹਸਾਉਂਦੇ ਹੋਏ ਸੋਚਣ ਲਈ ਕੀਤਾ ਮਜਬੂਰ

ਨਾਟਕ ਨੇ ਵਿਅੰਗ ਰਾਹੀਂ ਕੀਤੀ ਅਜੋਕੇ ਸਮਾਜ 'ਤੇ ਚੋਟ

ਬਠਿੰਡਾ (ਅਮਰਜੀਤ ਸਿੰਘ ਜੀਤ) ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ,ਨਗਰ ਨਿਗਮ ਬਠਿੰਡਾ ਅਤੇ ਨਾਟਿਅਮ ਪੰਜਾਬ ਦੇ ਸਹਿਯੋਗ ਸਦਕਾ ਤਿੰਨ-ਰੋਜ਼ਾ ਰਾਜ-ਪੱਧਰੀ ਨਾਟਕ ਮੇਲੇ ਦੇ ਸਮਾਪਨ ਸਮਾਰੋਹ ਦੌਰਾਨ ਪੇਸ਼ ਕੀਤੇ ਨਾਟਕ '-00000' ਨੇ ਦਰਸ਼ਕਾਂ ਨੂੰ ਹਸਾਉਂਦੇ ਹੋਏ ਸੋਚਣ ਲਈ ਮਜਬੂਰ ਕੀਤਾ। ਜੱਸੀ ਜਸਪ੍ਰੀਤ ਦੇ ਲਿਖੇ ਇਸ ਨਾਟਕ ਨੂੰ ਟੀਮ ਨਾਟਿਅਮ ਪੰਜਾਬ ਨੇ ਕੀਰਤੀ ਕਿਰਪਾਲ ਦੇ ਨਿਰਦੇਸ਼ਨ ਹੇਠ ਖੇਡਿਆ। ਇਸ ਵਿਅੰਗ ਭਰਪੂਰ ਨਾਟਕ ਨੇ ਦਰਸ਼ਕਾਂ ਨੂੰ ਬਾਹਰੋਂ ਸ਼ਾਂਤੀ ਲੱਭਣ ਦੀ ਬਜਾਇ ਕਾਮ,ਕ੍ਰੋਧ, ਲੋਭ,ਮੋਹ ਤੇ ਅਹੰਕਾਰ ਤਿਆਗ ਕੇ ਆਪਣੇ ਅੰਤਰ ਮਨ 'ਚੋ ਸ਼ਾਂਤੀ ਲੱਭਣ ਲਈ ਪ੍ਰੇਰਿਆ। ਨਾਟਕ ਪੇਸ਼ਕਾਰੀ ਦੌਰਾਨ ਹਾਲ ਲਗਾਤਾਰ ਹਾਸਿਆਂ ਤੇ ਤਾੜੀਆਂ ਨਾਲ਼ ਗੂੰਜਦਾ ਰਿਹਾ। ਗੁਰਨੂਰ ਸਿੰਘ ਨੇ ਡਾ. ਦਿਲਦਾਰ ਸਿੰਘ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਪੁਲਿਸ ਵਾਲੇ ਦਾ ਕਿਰਦਾਰ ਨਿਭਾ ਕੇ ਦਰਸ਼ਕਾਂ ਨੂੰ ਲੋਟ-ਪੋਟ ਕਰ ਦਿੱਤਾ।

ਨਾਟ-ਉਤਸਵ ਦੇ ਸਮਾਪਨ ਸਮਾਰੋਹ ਵਿੱਚ ਸ਼੍ਰੀ ਪਦਮਜੀਤ ਮਹਿਤਾ ਮੇਅਰ ਨਗਰ ਨਿਗਮ ਬਠਿੰਡਾ, ਡਾ. ਅਸ਼ਵਨੀ ਗਰੋਵਰ ਨਿਊਰੋਸਰਜਨ , ਡਾ. ਜੋਤੀ ਭੱਲਾ ਗਰੋਵਰ ਪਲਾਸਟਿਕ ਸਰਜਨ ਰਿਵਾਇੰਡ ਨਿਊਰੋ ਐਂਡ ਪਲਾਸਟਿਕ ਸਰਜਰੀ ਹਸਪਤਾਲ ਅਤੇ ਸ਼੍ਰੀਮਤੀ ਬਬੀਤਾ ਮਹਿਤਾ ਨੇ ਸਤਿਕਾਰਿਤ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਅਤੇ ਨਾਟਿਅਮ ਪੰਜਾਬ ਦੇ ਸਹਿ ਸਰਪ੍ਰਸਤ ਸ. ਗੁਰਿੰਦਪਾਲ ਸਿੰਘ ਬਰਾੜ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਬੋਲਦਿਆਂ ਨਾਟਿਅਮ ਪੰਜਾਬ ਦੇ ਪ੍ਰਧਾਨ ਰਿੰਪੀ ਕਾਲੜਾ ਨੇ ਕਿਹਾ ਕਿ ਬਠਿੰਡਾ ਦੇ ਦਰਸ਼ਕਾਂ ਦੇ ਰੰਗਮੰਚ ਪ੍ਰਤੀ ਪਿਆਰ ਸਦਕਾ ਹੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਤਕਰੀਬਨ ਹਰ ਸਾਲ ਰਾਜ-ਪੱਧਰੀ ਨਾਟਕ ਮੇਲਾ ਇਸੇ ਸ਼ਹਿਰ ਨੂੰ ਮਿਲਦਾ ਹੈ ਅਤੇ ਉਮੀਦ ਹੈ ਕਿ ਇਹ ਪਿਆਰ ਅੱਗੇ ਤੋਂ ਵੀ ਇਸੇ ਤਰ੍ਹਾਂ ਬਰਕਰਾਰ ਰਹੇਗਾ। ਅੰਤ ਵਿੱਚ ਭਾਸ਼ਾ ਵਿਭਾਗ ਦੇ ਸਹਾਇਕ ਡਾਇਰੈਕਟਰ ਤਜਿੰਦਰ ਗਿੱਲ ਅਤੇ ਖੋਜ ਅਫ਼ਸਰ ਨਵਪ੍ਰੀਤ ਸਿੰਘ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਦੌਰਾਨ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਵਿਕਰੀ ਕੇਂਦਰ ਇੰਚਾਰਜ ਸ਼੍ਰੀ ਸੁਖਮਨੀ ਸਿੰਘ ਵੱਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ ਅਤੇ ਓਪਨ ਮਾਈਕ ਸੈਸ਼ਨ ਵਿੱਚ ਵੀ ਪੂਰੀ ਤਰ੍ਹਾਂ ਸਫ਼ਲ ਰਿਹਾ। ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਨੇ ਨਿਭਾਈ।ਨਾਟਿਅਮ ਵਿੱਤ ਸਕੱਤਰ ਓ.ਪੀ.ਚਾਵਲਾ, ਮੈਡਮ ਮਾਲਵਿੰਦਰ ਕੌਰ ਡਾਇਰੈਕਟਰ ਸਿਲਵਰ ਓਕਸ ਸਕੂਲ, ਗੁਰਲਾਲ ਸਿੰਘ ਸਰਾਂ, ਪ੍ਰਿੰਸੀਪਲ ਨੀਲਮ ਵਰਮਾ, ਪ੍ਰਿੰਸੀਪਲ ਜਸਵਿੰਦਰ ਸੰਧੂ, ਪ੍ਰਿੰਸੀਪਲ ਜਸਪਾਲ ਸਿੰਘ ਰੋਮਾਣਾ, ਅਨਿਲ ਕੁਮਾਰ, ਸ਼ੁਭਮ ਕੁਮਾਰ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਵਿੱਚੋਂ ਜਸਪਾਲ ਮਾਨਖੇੜਾ, ਸੁਰਿੰਦਰਪ੍ਰੀਤ ਘਣੀਆ,ਰਮੇਸ਼ ਸੇਠੀ ਬਾਦਲ ਅਤੇ ਸਮੂਹ ਨਾਟਿਅਮ ਆਰਟਿਸਟ ਮੌਜੂਦ ਸਨ।

ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮਾਪਿਆਂ ਅਤੇ ਸੀਨੀਅਰ ਨਾਗਰਿਕਾਂ ਦੀ ਦੇਖਭਾਲ ਅਤੇ ਭਲਾਈ ਐਕਟ 2007 ਦੇ ਬਾਰੇ ਕਰਵਾਇਆ ਕਾਨੂੰਨੀ ਜਾਗਰੂਕਤਾ ਸੈਮੀਨਾਰ

ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ) ਨੈਸ਼ਨਲ ਲੀਗਲ ਸਰਵਿਸ ਅਥਾਰਟੀ, ਨਵੀ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਅਤੇ ਮਾਣਯੋਗ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਜੀਆਂ ਦੇ ਨਿਰਦੇਸ਼ਾਂ ਤਹਿਤ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ. ਅਮਨਦੀਪ ਜੀਆਂ ਦੀ ਅਗਵਾਈ ਹੇਠ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਨਗਰ ਵੱਲੋ ਮਿਤੀ 17.11.2025 ਨੂੰ ਸ੍ਰੀ ਨਾਵ ਕੰਵਲ ਰਾਜਾ ਸਾਹਿਬ, ਬਿਰਧ ਆਸ਼ਰਮ ਫਤੋਆਣਾ ਸਾਹਿਬ, ਪਿੰਡ ਭਰੋਮਜਾਰਾ ਵਿਖੇ ਮਾਪਿਆਂ ਅਤੇ ਸੀਨੀਅਰ ਨਾਗਰਿਕ ਦੀ ਦੇਖਭਾਲ ਅਤੇ ਭਲਾਈ ਐਕਟ 2007 ਦੇ ਬਾਰੇ ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਦਫਤਰ ਦੇ ਪੈਰਾ ਲੀਗਲ

ਵਲੰਟੀਅਰ ਸ੍ਰੀ ਦੇਸ ਰਾਜ ਬਾਲੀ ਅਤੇ ਸ੍ਰੀ ਵਾਸਦੇਵ ਪਰਦੇਸੀ ਵੱਲੋ ਬਜ਼ੁਰਗਾਂ ਅਤੇ ਆਮ ਲੋਕਾਂ ਨੂੰ ਮਾਪਿਆਂ ਅਤੇ ਸੀਨੀਅਰ ਨਾਗਰਿਕ ਦੀ ਦੇਖਭਾਲ ਅਤੇ ਭਲਾਈ ਐਕਟ 2007 ਦੇ ਬਾਰੇ ਕਾਨੂੰਨੀ ਜਾਗਰੂਕਤ ਕੀਤਾ ਗਿਆ । ਇਸ ਤੋਂ ਇਲਾਵਾ ਉਹਨਾਂ ਦੀਆ ਸਮੱਸਿਆਵਾਂ ਸੁਣੀਆ ਗਈਆ ਅਤੇ ਸੀਨੀਅਰ ਸੀਟੀਜ਼ਨ ਐਕਟ ਤਹਿਤ ਉਹਨਾਂ ਦੇ ਹੱਕਾਂ ਬਾਰੇ ਜਾਣੂ ਕਰਵਾਇਆ ਗਿਆ । ਇਸ ਤੋ ਇਲਾਵਾ ਬਜ਼ੁਰਗਾਂ ਨੂੰ ਆਧਾਰ ਕਾਰਡ, ਬੁਢਾਪਾ ਪੈਨਸ਼ਨ ਅਤੇ ਹੋਰਨਾਂ ਮੁਸ਼ਕਲਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ । ਇਸ ਮੌਕੇ ਸ੍ਰੀ ਨਾਵ ਕੰਵਲ ਰਾਜਾ ਸਾਹਿਬ, ਬਿਰਧ ਆਸ਼ਰਮ ਫਤੋਆਣਾ ਸਾਹਿਬ, ਪਿੰਡ ਭਰੋਮਜਾਰਾ ਦੇ ਸੇਵਾਦਾਰ ਬਾਬਾ ਬਲਵੰਤ ਸਿੰਘ ਅਤੇ ਹੋਰ ਸੇਵਾਦਾਰ ਹਾਜ਼ਰ ਸਨ ।

ਕਾਠਗੜ੍ਹ ਜਲ ਘਰ ਬੀਮਾਰ ਧਾਰਿਆ ਜੰਗਲ ਦਾ ਰੂਪ

ਲੀਕੇਜਾਂ ਵੀ ਨਹੀਂ ਕੀਤੀਆਂ ਜਾ ਰਹੀਆਂ ਠੀਕ ਇਲਾਕੇ ਦੇ ਲੋਕ ਗੰਧਲਾ ਪਾਣੀ ਪੀਣ ਨੂੰ ਮਜਬੂਰ ਪਰ ਵਿਭਾਗ ਕੁੰਭਕਰਨੀ ਨੀਂਦ ਸੁੱਤਾ

ਨਵਾਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ) ਲੋਕਾਂ ਨੂੰ ਸ਼ੁੱਧ ਪਾਣੀ ਪਿਲਾਉਣ ਵਾਲਾ ਕਾਠਗੜ੍ਹ ਦਾ ਜਲ ਘਰ ਦੇਖਭਾਲ ਦੀ ਘਾਟ ਕਾਰਨ ਖੁਦ ਬੀਮਾਰ ਹੈ ਅਤੇ ਜੰਗਲ ਦਾ ਰੂਪ ਧਾਰ ਗਿਆ ਹੈ ਅਤੇ ਹੋ ਰਹੀਆਂ ਲੀਕੇਜਾਂ ਨੂੰ ਠੀਕ ਨਾ ਕੀਤੇ ਜਾਣ ਕਾਰਨ ਪਾਣੀ ਦੀ ਬਰਬਾਦੀ ਦਾ ਪ੍ਰਮੁੱਖ ਸਰੋਤ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਕਾਠਗੜ੍ਹ ਦੇ ਜਲ ਘਰ ਦੀ ਲੰਬੇ ਸਮੇਂ ਤੋਂ ਸਾਫ ਸਫਾਈ ਨਾ ਕੀਤੇ ਜਾਣ ਕਾਰਨ ਜੰਗਲੀ ਘਾਹ ਬੂਟੀ ਅਤੇ ਹੋਰ ਝਾੜੀਆਂ ਨੇ ਜਲ ਘਰ ਨੂੰ ਇਸ ਤਰ੍ਹਾਂ ਘੇਰ ਲਿਆ ਹੈ ਜਿਵੇਂ ਕੋਈ ਜੰਗਲ ਹੋਵੇ। ਜੰਗਲ ਬਣੇ ਇਸ ਜਲ ਘਰ ਵਿੱਚ ਖਤਰਨਾਕ ਕੀੜੇ ਮਕੌੜਿਆਂ ਦਾ ਵੀ ਅਕਸਰ ਡਰ ਬਣਿਆ ਰਹਿੰਦਾ ਹੈ ਜਲ ਘਰ ਵਿੱਚ ਮਹਿਕਮੇ ਦੇ ਕਰਮਚਾਰੀਆਂ ਲਈ ਬਣਾਇਆ ਗਿਆ ਕਮਰਾ ਜਿੱਥੇ ਬੂਟੀਆਂ ਵਿੱਚ ਘਿਰਿਆ ਹੋਇਆ ਹੈ ਉੱਥੇ ਹੀ ਦੇਖਭਾਲ ਦੀ ਘਾਟ ਕਾਰਨ ਕਮਰੇ ਦੀ ਹਾਲਤ ਵੀ ਖਸਤਾ ਹੋ ਰਹੀ ਹੈ। ਇਸ ਤੋਂ ਇਲਾਵਾ ਜਲ ਘਰ ਦੀ ਸਪਲਾਈ ਦੀ ਤਿੰਨ ਥਾਵਾਂ ਤੋਂ ਲੰਬੇ ਸਮੇਂ ਤੋਂ ਲੀਕੇਜ ਹੋ ਰਹੀ ਹੈ ਜਿਨਾਂ ਵਿੱਚੋਂ ਇੱਕ ਲੀਕੇਜ ਤਾਂ ਜਲ ਘਰ ਦੇ ਬਿਲਕੁਲ ਨਜ਼ਦੀਕ ਹੋ ਰਹੀ ਹੈ ਪਰੰਤੂ ਲੰਬੇ ਸਮੇਂ ਤੋਂ ਸਾਫ ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਅਜੇ ਤੱਕ ਕਿਸੇ ਵੀ ਲੀਕੇਜ ਨੂੰ ਠੀਕ ਨਹੀਂ ਕੀਤਾ ਜਾ ਰਿਹਾ। ਜਾਣਕਾਰੀ ਮੁਤਾਬਿਕ ਕੁੱਝ ਸਾਲ ਪਹਿਲਾਂ ਕਾਠਗੜ੍ਹ ਦੇ ਜਲਘਰ ਵਿੱਚ ਇੱਕ ਕਰਮਚਾਰੀ ਹੁਣ ਤਾਂ

ਅਸੀਂ ਜਿਸ ਨੇ ਜਲ ਘਰ ਨੂੰ ਇਨਾ ਸਾਫ ਤੇ ਫੁੱਲਾਂ ਵਾਲੇ ਬੂਟੇ ਲਗਾ ਕੇ ਸੁੰਦਰ ਬਣਾ ਦਿੱਤਾ ਸੀ ਕਿ ਜਲ ਘਰ ਕਿਸੇ ਪਾਰਕ ਦਾ ਭੁਲੇਖਾ ਪਾਉਂਦਾ ਸੀ। ਕਸਬੇ ਦੇ ਕੁੱਝ ਲੋਕ ਤਾਂ ਆਪਣੇ ਫੁਰਸਤ ਦੇ ਪਲ ਬਿਤਾਉਣ ਲਈ ਇਸ ਜਲ ਘਰ ਵਿੱਚ ਹੀ ਚਲੇ ਜਾਂਦੇ ਸਨ ਜਦਕਿ ਦੂਜੇ ਲੋਕਾਂ ਵੱਲੋਂ ਜਲ ਘਰ ਦੀ ਤਾਰੀਫ ਵੀ ਕੀਤੀ ਜਾਂਦੀ ਸੀ ਪ੍ਰੰਤੂ ਹੁਣ ਕੁੱਝ ਸਾਲਾਂ ਤੋਂ ਜਲ ਘਰ ਦੀ ਹਾਲਤ ਤਰਸਯੋਗ ਬਣ ਚੁੱਕੀ ਹੈ ਅਤੇ ਹੋ ਰਹੀਆਂ ਲੀਕੇਜਾਂ ਕਾਰਨ ਪਾਣੀ ਦੀ ਬਰਬਾਦੀ ਨਿਰੰਤਰ ਜਾਰੀ ਹੈ। ਕਸਬਾ ਵਾਸੀਆਂ ਨੇ ਵਿਭਾਗ ਤੋਂ ਮੰਗ ਕੀਤੀ ਹੈ ਕਿ ਹੋ ਰਹੀਆਂ ਲੀਕੇਜਾਂ ਨੂੰ ਤੁਰੰਤ ਠੀਕ ਕਰਵਾਇਆ ਜਾਵੇ ਅਤੇ ਸਾਫ ਸਫਾਈ ਕਰਵਾਕੇ ਜਲ ਘਰ ਦੀ ਹਾਲਤ ਨੂੰ ਸੁਧਾਰਿਆ ਜਾਵੇ।

ਮਨੁੱਖੀ ਕਾਰਜਾਂ ਨੂੰ ਸਮਰਪਿਤ ਸ੍ਰ: ਮਨਿੰਦਰ ਸਿੰਘ ਅਹੂਜਾ ਸਮੁੱਚੇ ਸਮਾਜ ਲਈ ਪ੍ਰੇਰਣਾ ਸਰੋਤ-ਜਥੇ:ਨਿਮਾਣਾ, ਭਾਈ ਮਖੂ

ਸਿੱਖ ਨੌਜਵਾਨ ਸੇਵਾ ਸੁਸਾਇਟੀ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਕੀਤੀ ਮਦਦ-ਮਨਿੰਦਰ ਸਿੰਘ ਅਹੂਜਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਆਪਣੀ ਉਸਾਰੂ ਸੋਚ ਨੂੰ ਮਨੁੱਖੀ ਭਲਾਈ ਕਾਰਜਾਂ ਵਿੱਚ ਲਗਾਉਣ ਵਾਲੇ ਸ੍ਰ: ਮਨਿੰਦਰ ਸਿੰਘ ਅਹੂਜਾ ਪ੍ਰਧਾਨ ਸਿੱਖ ਨੌਜਵਾਨ ਸੇਵਾ ਸੁਸਾਇਟੀ ਤੇ ਸੰਸਥਾਵਾਂ ਸਮੁੱਚੇ ਸਮਾਜ ਦੇ ਲਈ ਪ੍ਰੇਰਣਾ ਸਰੋਤ ਹੁੰਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ, ਭਾਈ ਮਖੂ ਨੇ ਅੱਜ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਨੇ ਜਾਣਕਾਰੀ ਦੇਂਦਿਆਂ ਹੋਇਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਆਏ ਹੜ੍ਹਾਂ ਤੋਂ ਪ੍ਰਭਾਵਿਤ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਸੁਸਾਇਟੀ ਵੱਲੋਂ ਆਰੰਭੀ ਗਈ ਰਾਹਤ ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਮਾਤਾ ਵਿਪਨਪ੍ਰੀਤ ਕੌਰ ਜੀ ਅਤੇ ਸ੍ਰ: ਮਨਿੰਦਰ ਸਿੰਘ ਅਹੂਜਾ ਪ੍ਰਧਾਨ ਸਿੱਖ ਨੌਜਵਾਨ ਸੇਵਾ ਸੁਸਾਇਟੀ ਨੇ ਆਪਣਾ ਬਹੁਤ ਵੱਡਾ ਸਹਿਯੋਗ ਦਿੱਤਾ। ਅੱਜ ਅਨੋਖੇ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰ: ਮਨਿੰਦਰ ਸਿੰਘ ਅਹੂਜਾ ਪ੍ਰਧਾਨ ਸਿੱਖ ਨੌਜਵਾਨ ਸੇਵਾ ਸੁਸਾਇਟੀ ਨੇ ਅਤੀ ਸਤਿਕਾਰਯੋਗ ਪੰਥ ਦੇ ਮਹਾਨ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਜੀ ਅਤੇ ਮਾਤਾ ਕੌਰ ਜੀ ਦੀ ਪ੍ਰੇਰਨਾ ਸਦਕਾ ਮਨੁੱਖਤਾ ਦੇ ਪਲ ਲਈ 100 ਰਾਸ਼ਨ ਦੀਆਂ ਕਿੱਟਾਂ ਮਖੂ ਦੇ ਇਲਾਕੇ ਅਤੇ ਪਿੰਡ ਘੜਕਾ ਵਿਖੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਵੰਡੀਆਂ। ਇਸ ਮੌਕੇ ਤੇ ਸ੍ਰ: ਮਨਿੰਦਰ ਸਿੰਘ ਅਹੂਜਾ ਨੇ ਦੱਸਿਆ ਕਿ ਭਾਈ ਗੁਰਇਕਬਾਲ ਸਿੰਘ ਅਤੇ ਮਾਤਾ ਵਿਪਨਪ੍ਰੀਤ ਕੌਰ ਜੀ ਜੀ ਪ੍ਰੇਰਨਾ ਸਦਕਾ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਜਾਇਜ਼ਾ ਲੈ ਕੇ ਸੰਗਤਾਂ ਦੇ ਸਹਿਯੋਗ ਨਾਲ ਲਗਾਤਾਰ ਤਿੰਨ ਮਹੀਨੇ ਤੋਂ ਹਰ ਪ੍ਰਕਾਰ ਦੀ ਸਹਾਇਤਾ ਕੀਤੀ ਗਈ। ਇਸ ਸਮੇਂ ਭਗਤ ਪ੍ਰੀਤ ਸਿੰਘ, ਰਾਜਿੰਦਰ ਸਿੰਘ ਬੰਟੀ ਹਾਜ਼ਰ ਸਨ ।

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਗ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੱਕ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡੀਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੋਤਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖ਼ੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਮਜ਼ੋਰ, ਅੱਗਾ ਦਿੱਚ ਪਾਣੀ ਭਰਨਾ, ਚੁੱਲ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫ਼ੇਦ ਹੋ ਜਾਣਾ, ਗੰਜ, ਚਿੱਚਰੀ ਜਾਂ ਕੌਲਾਪਣ (Alopecia), ਚੇਹਰੇ ਦੇ ਮਿਲ (Acne), ਛਿਲਤੀ, ਛਿਮਕੀ (Pigmentation), ਝੁਰੜੀਆਂ ਅਤੇ ਝਾਈਆਂ, ਦੰਦਾਂ ਦਾ ਦਰਦ, ਮਸੂੜਿਆਂ ਚਿੱਚੋਂ ਖ਼ੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਚਿੱਚੋਂ ਪੀਪ ਦਾ ਆਉਣਾ ਜਾਂ ਪਕਦੇ ਚਿੱਚ ਮੈਲੀ, ਕੰਨਾਂ ਚਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਮੂਰਖ ਬੀਮਾਰੀਆਂ, ਮਲਾਰੇ ਦੀ ਸੋਜ, ਪਿਤਾਬ ਦੀ ਰੁਕਾਵਟ ਅਤੇ ਜਲਨ, ਪਿਤਾਬ ਚਿੱਚ ਖ਼ੂਨ ਆਉਣਾ, ਸੁਰਖੇ ਚਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਕਮਜ਼ੋਰੀਪੁਣਾ (Anaemia), ਛਾਤ ਘੱਟਣਾ, ਨਾੜਾਂ ਚਿੱਚ ਦਰਦ (Neuralgia), ਮਾਨਸਿਕ ਨਿਰਾਸ਼ਤਾ ਅਤੇ ਖ਼ਦਿਸ਼ੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਇਸ਼) £13

TONICS - 1) ਸ਼ਰੀਰਕ ਸ਼ਕਤੀ ANAEMIA, ਖ਼ੂਨ ਦੇ ਘੱਟ ਜੰਮਣ, ਸ਼ਰਮੀਕਲ ਅਪ੍ਰੇਸ਼ਨ ਜ਼ੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀਪਣ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ਫੈਲਾਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2) ਥੁਕਵਟ ਦਾ ਸ਼ਰਿਹਤੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3) ਧਾਤ ਲਈ (ਵੀਰਜ ਨੂੰ ਡਾਰਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4) ਲੰਮੇ ਸਮੇਂ ਤੋਂ ਹੋਏ ਗਰਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5) ਗਲਤਕਾਰੀਆਂ ਕਾਰਨ ਦਿੱਚ ਕਮਜ਼ੋਰ, ਠੰਢਾ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6) ਨਲਿਆਂ ਕਾਰਨ ਸਰੀਰਕ ਕੰਡਜ਼ੋਰ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7) ਸ਼ੁਹਾਸ਼ੇਸ਼ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8) ਸਰੀਰਕ ਅਤੇ ਦਿੱਚ ਦੀਆਂ ਨਸਾਂ ਦੀ ਕਮਜ਼ੋਰੀ ਲਈ ਤੇਲ- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆ (AZOOSPERMIA), ਸਪਰਮ ਕੀਟਸ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਚਿੱਚ ਪਾਣੀ ਭਰਨਾ (HYDROCELE), ਸੁਜ਼ਾਕ (GONORRHOEA), ਸੁਪਾਰੀ ਦੀ ਸ਼ਿਕ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਬੰਦੇ ਨੂੰ ਪਿਤਾਬ ਦੇ ਰੋਗ, ਬਹੁਤ ਮੋਟੇ ਬੰਦੇ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਲਿੰਗ ਉਤੇ ਸਖਤ ਗਲਟ, SPERMATIC ਫੋਰੀ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਸਟਾਕਣਾ ਵਗੈਰਾ ਵਗੈਰਾ ਬੀਮਾਰੀਆਂ ਦਾ ਇਲਾਜ ਵੀ ਅਸੀਂ ਗਰਾਂਟੀਸ਼ੁਦਾ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਦੇਰ ਨਾਲ ਆਉਣ ਜਾਂ ਬਹੁ ਮਾਤਰਾ ਵਿੱਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਕਦਾ (ਸਫੇਦ ਪਾਣੀ), ਛਾਤੀਆਂ ਦਾ ਸੁੱਕਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਚਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾਂ ਡੰਡੀਆਂ ਤੇ ਚੀਰ, ਛਾਤੀਆਂ ਚਿੱਚ ਕੰਬਣੀ, ਦੁਧ ਬੰਦ, ਬੱਚੇਦਾਨੀ (Uterus) ਚਿੱਚ ਵਾਧੂ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਚਿੱਚ ਗਲਿਲੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਚਿੱਚ ਛਾਲੇ (Ovarian Cysts), ਯੋਨੀ ਦੀ ਇਕਲਮਦਰ ਸੁੰਕੜੂਣ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਚਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਸਹਣ ਅੰਗਾਂ ਦੀ ਖੁਜਲੀ (Pruritis), ਸਹਣ ਅੰਗਾਂ ਚਿੱਚ ਫਟਣੇ ਅਤੇ ਫਟਚਣ, ਲਿੰਗ ਭੋਗ ਸਮੇਂ ਸੁਆਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA, (HOM.), (A.P) AND (NUTRI.)

ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਾਵਰ ਪੰਫਿਲਟ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS)ਦਾ ਕੁਦਰਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬ੍ਰੈਸਟਾਂ ਦੀ ਪ੍ਰੋਲਾਇਸ਼ ਅਤੇ ਢੁੱਚ ਫੁੱਪ-ਫੁੱਟ ਕਾਰਣ ਔਰਤਾਂ ਦੀਆਂ ਖ਼ਿਡਨੀਆਂ ਹੋਣੀਆਂ ਛਾਤੀਆਂ ਨੂੰ ਸ਼ਪੇਸ਼ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਚਿੱਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਚਿੱਚ ਫੁਰਤੀ ਅਤੇ ਕੁਦਰਤੀ ਪਾਉਂਦੀ ਹੈ। ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਚਿੱਚ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) : ਔਰਤਾਂ ਚਿੱਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਉਤਸ਼ਕਤੀ ਪੈਦਾ ਕਰਦੀ ਹੈ। A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਚਿੱਚੋਂ ਖ਼ੁਸ਼ਕੀ ਅਤੇ ਸਖਣ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ 'ਚ ਵਾਧਾ ਕਰਕੇ ਖ਼ੁਸ਼ਕੀਦਾਰੀ ਅਤੇ ਨਰਮਾਈ ਪੈਦਾ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਚਿੱਚ CALCIUM ਦੀ ਘਾਟ ਕਾਰਣ ਪਾਈਚੀਨਾਂ ਹੱਡੀਆਂ ਵਨੀਜ਼ ਹਲਕੀਹੋਣ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਬਾਜ਼ਾਰ ਵਾਲਾ ਮੋਟਾ ਵੀਜ਼ਾ ਦਵਾਈ ਨੂੰ ਸ਼ਫਲ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES)ਬਹੁ ਵਧੀ ਉਮਰ ਚਿੱਚ ਘਟ ਰਹੀ ਹਾਰਮੋਨਜ਼ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਾਵਾ ਨੂੰ ਦੂਰ ਕਰਕੇ ਕੁਦਰਤੀ ਅਤੇ ਸ਼ਾਤਮਈ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------ **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਕਲਾਕਟੀਮਾਰ, ਮੁਲ ਦੀ ਬਨੀ (ANALGESIC) ਚਿੱਚ ਬਣੀਜ਼ ਅਤੇ ਐਲਰਜੀ ਵਰਗਾ ਪੁਰਾਣੀ ਕਬਜ਼ੇ ਕਮਜ਼ੋਰੀ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਖ਼ੋਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਗੀ ਦੀ ਛਾਪ ਛੱਡਣ ਚਿੱਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਜ਼ਾ ਦੀ ਮਰਜ਼ਾਨਗੀ ਨੂੰ ਰੋਕਣ (ਘੱਟੇ ਪੈਣ) ਲਿਕਰਤੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਢਾਹਨੀ ਉਮਰ ਚਿੱਚ ਮਰਦਾਂ ਨੂੰ ਆਉਣ ਵਾਲੀਆਂ ਪ੍ਰੇਸ਼ਾਨੀਆਂ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ --- **£69**

ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੂ ਵਾਸ਼ ਕੰਮ ਕਰਦੇ ਹਨ)

PILAES (IN OINTMENT) - ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਹਵਾ ਖ਼ੂਨ ਵਿਚ ਖ਼ੁਜਲੀ ਅਤੇ ਸਖਣ ਤੋਂ ਆਰਾਮ	£19
NURALACO (IN OINTMENT OR LOTION) --- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION) ---ਠੰਢ ਕਾਰਣ ਹੋਏ ਹੋਰ ਚੀਜ਼ਾਂ ਉਤਪਾ ਚ ਦਰਦ ਤੇ ਸਿਰ ਤੋਂ ਆਰਾਮ	£19
ARNSTRA (IN OINTMENT) ------- ਚਮੜਾ, ਸੋਜ (BRUISES) ਚੋਟਾਂ ਸੱਟ ਨਾਲ ਹੋਏ ਜਖਮਾਂ ਜਾਂ (BED SORES) ਨੂੰ ਆਰਾਮ	£19
BELINFLA (IN OIL OR OINTMENT) ---ਨਸਾਂ, ਪੱਠਿਆਂ ਅਤੇ ਜੋੜਾਂ ਵਿਚ ਸਿਰ, ਨਾਸਾਂ ਤੇ ਚਿੱਚ ਦਰਦ ਨੂੰ ਆਰਾਮ	£19
BELULCE (IN OIL) ---- ਮੰਦ ਸੰਭਾਲ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL) -ਜੰਮੇ ਹਾਰ ਦਰਦ, ਵਾਰ ਵੇਗ ਨਾਲ ਗਲਤਕਾਰ ਚਿੱਚ ਅਤੇ ਸੋਟਾਂ 'ਚ ਅਫਰਾਫਰ ਨੂੰ ਆਰਾਮ -	£19
CALWOUN (IN OIL OR OINTMENT) -- ਸੰਦ ਕਾਰਣ ਜਖਮਾਂ ਦੀ ਪੀਕ ਜਾਂ ਸਫ਼ ਜਾਣ ਤੇ ਸਖਤ ਦਰਦਾਂ ਤੋਂ ਆਰਾਮ-	£19
BURCAN (IN LOTION OR OINTMENT)- ਚਿਹਰੇ ਦੀ ਚਰਬੀ ਘਸਣ ਦੇ ਦਰਦ ਅਤੇ ਛਾਲਿਆਂ ਤੋਂ ਸੁਰੱਖਿਆ ਆਰਾਮ --	£19
ROUTUM (IN OINTMENT) - ਸਰੀਰ ਦੇ ਚਿਹਰੇ ਦੀ ਚਿੱਕੇ ਵਿਚ ਕਿਲਣਾਂਦੀਆਂ ਦੀ ਸਿਰ ਅਤੇ ਦਰਦ ਤੋਂ ਆਰਾਮ ----	£19
JOINRHU (IN OIL) - ਜੋੜਾਂ ਦੇ ਦਰਦ, ਸਿਰ ਸੱਟ ਦਰਦ, ਚੰਡ ਪੈਣ ਅਤੇ ਕੋਲਾਪ ਪੱਠਿਆਂ ਦੀ ਸਿਰ ਤੋਂ ਆਰਾਮ-	£19
ASSSIL (IN LOTION) -- ਕਿਲਣਾਂਦੀਆਂ ਦਾ ਛੋਟੇ ਪੱਧਰ ਤੇ ਜਖਮ ਬਣ ਜਾਣ ਦੀ ਹਾਲਤ ਚਿੱਚ ਪੁਰੇਸ਼ਨ ਆਰਾਮ ----	£19
ITCSUL (IN OIL)---- ਸਰੀਰ ਉਤੇ ਚਿਹਰੇ ਦੀ ਚਰਬੀ ਦੀ ਬਾਰਸ ਤੋਂ ਆਰਾਮ ----------	£19
WARTHU (IN OIL) - ਹਰ ਤਰ੍ਹਾਂ ਦੇ ਖ਼ੁਸ਼ਕ, ਤਰ, ਸਪੰਜ ਜਾਂ ਗੰਭੀਰ ਦੇ ਫ਼ੈਲ ਵਾਲੇ ਮਸਾਂਡੇ (WARTS) ਤੋਂ ਆਰਾਮ --	£19

* HOMOEOPATHIC HEALTH CLINIC ਦੇ ਨਾਂ 'ਤੇ ਹੋਰ ਹੋਮਿਓਪੈਥ ਆਰਜ਼ਾਰਤ ਧਨ ਦੀਨਾਂ ਚਲਾਂਦੇ ਹਨ, (ਹਰ ਆਰਜ਼ਾਰਤ ਲਾਜ £10 ਹਿੱਸਿਕਾ ਤੇ ਹੋਮਟਾਨੇਸ਼ ਅਲਗ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਪੁੱਠਾ ਨਾਲ ਸਰੀਰ 'ਚ ਪਏ ਨੁਕਸਾ ਤੋਂ ਮੁਕੰਮਲ ਛੁਟਕਾਰਾ ਹੋਮ ਸਾਰਜ਼ਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਨੌਜਵਾਨਾਂ ਲਈ ਸੰਦੇਸ਼ – ਖੁਸ਼ੀਆਂ ਦੇ ਮੌਕਿਆਂ ਨੂੰ ਬਣਾਓ ਵਾਤਾਵਰਣ ਲਈ ਖ਼ਾਸ

ਐਸ ਕੇ ਟੀ ਪਲਾਂਟੇਸ਼ਨ ਟੀਮ ਦੀ ਜਨਮਦਿਨ 'ਤੇ ਪੌਧਾਰੋਪਨ ਮੁਹਿੰਮ ਤਹਿਤ ਬੂਟੇ ਲਗਾ ਕੇ ਦਿੱਤਾ ਵਾਤਾਵਰਣ ਸੰਭਾਲ ਦਾ ਸੰਦੇਸ਼

ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ) ਐਸ ਕੇ ਟੀ ਪਲਾਂਟੇਸ਼ਨ ਟੀਮ ਦੇ ਗ੍ਰੀਨ ਮੋਟੀਵੇਟਰ ਹਰਪ੍ਰੀਤ ਨੇ ਅੱਜ ਆਪਣਾ ਜਨਮਦਿਨ ਵਾਤਾਵਰਣ ਨੂੰ ਸਮਰਪਿਤ ਕਰਦੇ ਹੋਏ ਚੰਡੀਗੜ੍ਹ ਰੋਡ 'ਤੇ ਬੂਟੇ ਲਗਾ ਕੇ ਮਨਾਇਆ। ਵਾਤਾਵਰਣ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਨੂੰ ਮਜ਼ਬੂਤ ਕਰਦੇ ਹੋਏ, ਉਨ੍ਹਾਂ ਨੇ ਇਸ ਖ਼ਾਸ ਦਿਨ ਵੱਖ-ਵੱਖ ਕਿਸਮ ਦੇ ਬੂਟੇ ਲਗਾ ਕੇ ਟੀਮ ਮੈਂਬਰਾਂ ਨਾਲ ਮਿਲ ਕੇ ਹਰਾ-ਭਰਾ ਵਾਤਾਵਰਨ ਬਣਾਉਣ ਦਾ ਸੰਕਲਪ ਲਿਆ। ਹਰਪ੍ਰੀਤ ਨੇ ਕਿਹਾ ਕਿ ਜਨਮਦਿਨ ਸਿਰਫ਼ ਜਸ਼ਨ ਦਾ ਦਿਨ ਹੀ ਨਹੀਂ ਹੁੰਦਾ, ਸਗੋਂ ਸਮਾਜ ਅਤੇ ਵਾਤਾਵਰਣ ਲਈ ਕੁਝ ਸਕਾਰਾਤਮਕ ਕਰਨ ਦਾ ਮੌਕਾ ਵੀ ਹੁੰਦਾ ਹੈ। ਬੂਟੇ ਲਗਾਉਣਾ ਇਕ ਛੋਟਾ ਜਿਹਾ ਯਤਨ ਹੈ ਪਰ ਇਸਦਾ

ਲਾਭ ਭਵਿੱਖ ਦੀਆਂ ਪੀੜ੍ਹੀਆਂ ਨੂੰ ਅਪੀਲ ਕੀਤੀ ਕਿ ਉਹ ਤੱਕ ਪਹੁੰਚਦਾ ਹੈ। ਉਨ੍ਹਾਂ ਯੁਵਾਂ ਆਪਣੇ ਖ਼ਾਸ ਦਿਨਾਂ ਨੂੰ ਵਾਤਾਵਰਣ-ਮਿਤਰ ਕੰਮਾਂ ਨਾਲ ਜੋੜਣ।ਟੀਮ ਦੇ ਸੰਸਥਾਪਕ ਅੰਕੁਸ਼ ਨਿਝਾਵਨ ਨੇ ਹਰਪ੍ਰੀਤ ਦੀ ਪਹਿਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਟੀਮ ਦੇ ਮੈਂਬਰ ਆਪਣੇ-ਆਪਣੇ ਖੁਸ਼ੀ ਦੇ ਮੌਕਿਆਂ 'ਤੇ ਬੂਟੇ ਲਗਾ ਕੇ ਸਮਾਜ ਵਿੱਚ ਸਕਾਰਾਤਮਕ ਸੁਨੇਹਾ ਦੇ ਰਹੇ ਹਨ। ਉਨ੍ਹਾਂ ਸਭ ਨੂੰ ਅਪੀਲ ਕੀਤੀ ਕਿ ਜਨਮਦਿਨ, ਸਾਲਗਿਰਾਹ ਜਾਂ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਇਕ ਬੂਟਾ ਜ਼ਰੂਰ ਲਗਾਇਆ ਜਾਵੇ ਅਤੇ ਉਸਦੀ ਦੇਖਭਾਲ ਕੀਤੀ ਜਾਵੇ। ਇਸ ਲਈ ਟੀਮ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਮੌਕੇ 'ਤੇ ਰਾਮ ਬਿਰਹ, ਰਾਘਵ ਅਤੇ ਟੀਮ ਦੇ ਮੈਂਬਰ ਕੁਲਵਿੰਦਰ ਸਿੰਘ, ਕੁਣਾਲ ਪੂਰੀ ਅਤੇ ਅਮਿਤ ਹਾਜ਼ਰ ਰਹੇ। ਸਭ ਨੇ ਮਿਲ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਦਿੱਤਾ ਅਤੇ ਲਗਾਏ ਗਏ ਬੂਟਿਆਂ ਦੀ ਦੇਖਭਾਲ ਕਰਨ ਦਾ ਸੰਕਲਪ ਲਿਆ।

ਆਸ਼ਾ ਕਿਰਨ ਸਕੂਲ ਵਿਖੇ ਅੱਖਾਂ ਦੀ ਜਾਂਚ ਕੈਂਪ ਲਗਾਇਆ ਗਿਆ

ਹੁਸ਼ਿਆਰਪੁਰ (ਤਰਸੇਮ ਦੀਵਾਨਾ) – ਰੈੱਡ ਕਰਾਸ ਹੁਸ਼ਿਆਰਪੁਰ ਵੱਲੋਂ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਵਿਖੇ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ ਗਿਆ। ਥਿੰਦ ਆਈ ਹਸਪਤਾਲ ਦੀ ਇੱਕ ਟੀਮ ਨੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਰੋਜ਼ਾਨਾ ਅੱਖਾਂ ਦੀ ਦੇਖਭਾਲ ਬਾਰੇ ਸੁਝਾਅ ਦਿੱਤੇ। ਕੈਂਪ ਦੌਰਾਨ, ਇਨਰ ਵ੍ਹੀਲ ਕਲੱਬ ਨੇ ਲੋੜਵੰਦ ਵਿਦਿਆਰਥੀਆਂ ਨੂੰ ਐਨਕਾਂ ਵੰਡੀਆਂ। ਕਲੱਬ ਪ੍ਰਧਾਨ ਨੇਹਾ ਸਚਦੇਵਾ, ਚੰਦਰਕਾਂਤਾ, ਸ਼ਿਵਾਨੀ ਮਲਹੋਤਰਾ ਅਤੇ ਹੋਰ ਕਲੱਬ ਮੈਂਬਰ ਮੌਜੂਦ ਸਨ। ਉਨ੍ਹਾਂ ਸਕੂਲ ਸਟਾਫ਼ ਅਤੇ ਪ੍ਰਬੰਧਨ ਕਮੇਟੀ ਨੂੰ ਭਰੋਸਾ ਦਿਵਾਇਆ ਕਿ ਉਹ ਭਵਿੱਖ ਵਿੱਚ ਵੀ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸੇਵਾ ਕਰਦੇ ਰਹਿਣਗੇ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਸਕੱਤਰ ਕਰਨਲ ਗੁਰਮੀਤ ਸਿੰਘ, ਰਾਮ ਆਸਰਾ ਅਤੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਵੀ ਮੌਜੂਦ ਸਨ।

ਫੋਟੋ ਅਜਮੇਰ ਦੀਵਾਨਾ

'ਸਮਾਜ ਵੀਕਲੀ' ਐਪ ਡਾਊਨਲੋਡ ਕਰੋ

https://play.google.com/store/apps/detialsi?di=n.yourhost.samajweekly

ਤੀਸਰਾ ਪੰਡਿਤ ਗੋਰਵਧਨ ਦਾਸ ਸੰਗੀਤ ਸੰਮੇਲਨ 22 ਨਵੰਬਰ ਨੂੰ

ਫਿਲੌਰ/ਅੱਪਰਾ, (ਦੀਪਾ)–ਪੰਡਿਤ ਗੋਵਰਧਨ ਦਾਸ ਸੰਗੀਤ ਸਭਾ ਅੱਪਰਾ ਵਲੋਂ ਸ਼ਹੀਦ ਭਗਤ ਸਿੰਘ ਯੂਥ ਕਲੱਬ, ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀ, ਐੱਨ. ਆਰ. ਆਈ ਵੀਰਾਂ ਤੇ ਸਮੂਹ ਸੰਗੀਤ ਪ੍ਰੇਮੀਆਂ ਦੇ ਸਹਿਯੋਗ ਨਾਲ ਤੀਸਰਾ ਪੰਡਿਤ ਗੋਰਵਧਨ ਦਾਸ ਸੰਗੀਤ ਸੰਮੇਲਨ ਮਿਤੀ 22 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 6 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਸ਼ਹੀਦ ਭਗਤ ਸਿੰਘ ਪਾਰਕ (ਨੇੜੇ ਬੀ. ਐੱਮ. ਸੀ ਚੌਂਕ) ਅੱਪਰਾ ਵਿਖੇ ਕਰਵਾਇਆ ਜਾ ਰਿਹਾ ਹੈ । ਇਹ ਸੰਗੀਤ ਸੰਮੇਲਨ ਸੰਗੀਤ ਦਿਵਾਕਰ ਪੰਡਿਤ ਹਰੀ ਦੇਵ ਜੀ ਗੋਰਾਇਆ ਵਾਲਿਆਂ ਨੂੰ ਸਮਰਪਿਤ ਹੋਵੇਗਾ । ਇਸ ਮੌਕੇ ਜਾਣਕਾਰੀ ਦਿੰਦਿਆਂ ਹਰਜਿੰਦਰ ਸਿੰਘ (ਯੂ.ਕੇ), ਡਾ. ਗੁਰਦੀਪ ਸਿੰਘ ਨਾਮਧਾਰੀ, ਹਰਦੀਪ ਸਿੰਘ ਗੁਲਾਟੀ, ਰਾਜੇਸ਼ ਬਾਸ਼ਲ, ਗਗਨਦੀਪ ਕਾਲੜਾ, ਮਾਸਟਰ ਲੁਭਾਇਆ ਰਾਮ, ਅਮਨਦੀਪ ਸਿੰਘ, ਸੰਜੀਵ ਕੁਮਾਰ ਤੇ ਆਸ਼ੂਤੋਸ਼ ਦਤਾਰ-ਪੁਰ ਨੇ ਦੱਸਿਆ ਕਿ ਇਸ ਮੌਕੇ ਪੰਡਿਤ ਉਮਾ ਸ਼ੰਕਰ (ਸਿਤਾਰ), ਪੰਡਿਤ ਦਿਪਿਨ ਰਾਜ (ਗਾਇਨ),

ਪੰਡਿਤ ਗੋਰਵਧਨ ਦਾਸ ਤੇ ਪੰਡਿਤ ਸਤਪਾਲ ਕਾਲੀਆ ਸੰਗੀਤ ਸੰਮੇਲਨ ਸੰਗੀਤ ਦਿਵਾਕਰ ਪੰਡਿਤ ਹਰੀ ਦੇਵ ਜੀ ਗੋਰਾਇਆ ਵਾਲਿਆਂ ਨੂੰ ਹੋਵੇਗਾ ਸਮਰਪਿਤ

ਪੰਡਿਤ ਸਿਧਾਰਥ ਚੱਟਰਜੀ (ਤਬਲਾ), ਸਿਮਰਨਜੀਤ ਸਿੰਘ ਗਹੀਰ (ਮੈਂਡੋਲੀਨ), ਸੁਖਵਿੰਦਰ ਸਿੰਘ ਤੱਖਰ (ਤਬਲਾ), ਪ੍ਰਦੀਪ ਸ਼ਰਮਾ (ਗਾਇਨ), ਅਵਤਾਰ ਸਿੰਘ (ਤਬਲਾ) ਤੇ ਪਵਨਪ੍ਰੀਤ ਸਿੰਘ ਤੱਖਰ (ਗਾਇਨ) ਸੰਗੀਤ ਪ੍ਰੇਮੀਆਂ ਦੇ ਰੂਬਰੂ ਹੋ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ । ਇਸ ਮੌਕੇ ਹਰਜਿੰਦਰ ਸਿੰਘ (ਯੂ.ਕੇ) ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਣਗੇ । ਸਟੇਜ ਸਕੱਤਰ ਦੀ ਜਿੰਮੇਵਾਰੀ ਰਾਜੇਸ਼ ਬਾਸ਼ਲ ਅੱਪਰਾ ਨਿਭਾਉਣਗੇ ।

ਰਾਸ਼ਟਰੀ ਪੱਧਰੀ ਵਿਗਿਆਨ ਮੇਲੇ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਬੱਚਿਆਂ ਨੇ ਵਿਗਿਆਨ ਪ੍ਰਸ਼ਨਮੰਚ ਮੁਕਾਬਲੇ ਵਿੱਚ ਪਹਿਲਾ ਸਥਾਨ ਕੀਤਾ ਹਾਸਲ

ਭੀਖੀ (ਕਮਲ ਜਿੰਦਲ) ਅਖਿਲ ਭਾਰਤੀ ਸਿੱਖਿਆ ਸੰਸਥਾਨ ਦੁਆਰਾ ਆਯੋਜਿਤ ਰਾਸ਼ਟਰੀ ਪੱਧਰੀ ਵਿਗਿਆਨ ਮੇਲੇ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ.ਬੀ.ਐਸ.ਈ. ਭੀਖੀ ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਇਹ ਵਿਗਿਆਨ ਮੇਲਾ ਬਾਲੇਰਾਮ ਬ੍ਰਜਭੂਸ਼ਣ ਸਰਸਵਤੀ ਸ਼ਿਸ਼ੂ ਮੰਦਰ ਸੀਨੀਅਰ ਸੈਕੰਡਰੀ ਸਕੂਲ ਮੇਰਠ ਵਿਖੇ ਸੰਪੰਨ ਹੋਇਆ। ਬੜੇ ਹੀ ਫਖ਼ਰ ਦੀ ਗੱਲ ਹੈ ਕਿ ਇਸ ਰਾਸ਼ਟਰੀ ਪੱਧਰ ਵਿਗਿਆਨ ਮੇਲੇ ਵਿੱਚ ਕਿਸ਼ੋਰ

ਵਰਗ ਦੇ ਵਿਗਿਆਨ ਪ੍ਰਸ਼ਨ ਮੰਚ ਮੁਕਾਬਲੇ ਵਿੱਚ ਵਿੱਦਿਆ ਮੰਦਰ ਦੇ ਹੋਣਹਾਰ ਬੱਚੇ ਮਾਨਵਿਕਾ, ਸ਼ਾਇਲਾ, ਯਸ਼ਿਕ ਪਹਿਲੇ ਸਥਾਨ ਤੇ ਰਹੇ। ਇਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਖਤ ਮਿਹਨਤ ਸਦਕਾ ਇਨ੍ਹਾਂ ਬੱਚਿਆਂ ਨੇ ਅਖਿਲ ਭਾਰਤੀ ਗਿਆਨ ਵਿਗਿਆਨ ਮੇਲੇ ਵਿੱਚ ਆਪਣੀ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ । ਮਾਡਲ ਪ੍ਰਦਰਸ਼ਨ ਮੁਕਾਬਲੇ ਵਿੱਚ ਹੋਣਹਾਰ ਵਿਦਿਆਰਥਣ ਗੁਰਸੀਰਤ ਕੌਰ ਦਾ ਮਾਡਲ ਮੈਗਨੇਟਿਕ ਇਫੈਕਟ ਆਫ਼ ਇਲੈਕਟ੍ਰੀਕਲ ਤੀਸਰੇ ਸਥਾਨ ਤੇ ਰਿਹਾ। ਬੱਚਿਆਂ ਦੀ ਇਸ ਸ਼ਾਨਦਾਰ ਸਫ਼ਲਤਾ ਦੇ ਮੌਕੇ ਉੱਤੇ ਅੱਜ ਸਵੇਰ ਦੀ ਸਭਾ ਦੌਰਾਨ ਸਕੂਲ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ, ਵਾਈਸ ਪ੍ਰਿੰਸੀਪਲ ਹਰਸ਼ ਦੇਵ ਅਤੇ ਸਮੂਹ ਸਟਾਫ਼ ਵੱਲੋਂ ਇਨ੍ਹਾਂ ਬੱਚਿਆਂ ਦਾ ਵਿੱਦਿਆ ਮੰਦਰ ਵਿੱਚ ਪਹੁੰਚਣ ਤੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ। ਜੇਤੂ ਬੱਚਿਆਂ, ਵਿਗਿਆਨ ਵਿਸ਼ੇ ਦੇ ਅਧਿਆਪਕਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ- ਬਹੁਤ ਵਧਾਈ ਦਿੱਤੀ ਗਈ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਗਿਆਨ ਵਿਗਿਆਨ ਮੇਲਿਆਂ ਵਿੱਚ ਭਾਗ ਲੈਣ ਨਾਲ ਬੱਚਿਆਂ ਵਿੱਚ ਉਸਾਰੂ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ । ਅਖਿਲ ਭਾਰਤੀ ਸਿੱਖਿਆ ਸੰਸਥਾਨ ਇਸ ਵਰ੍ਹੇ 23ਵਾਂ ਵਿਗਿਆਨ ਮੇਲਾ ਸੰਪੂਰਨ ਕਰਵਾ ਚੁੱਕਿਆ ਹੈ। ਹਰ ਸਾਲ ਅਨੇਕਾਂ ਬੱਚੇ ਇਸ ਵਿਗਿਆਨ ਮੇਲੇ ਵਿੱਚ ਭਾਗ ਲੈ ਕੇ ਜਿੱਤ ਹਾਸਲ ਕਰਦੇ ਹਨ। ਉਨ੍ਹਾਂ ਨੇ ਸਾਰਿਆਂ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਕਿ ਅਜਿਹੇ ਵਿਗਿਆਨ ਮੇਲਿਆਂ ਵਿੱਚ ਭਾਗ ਲੈਣ ਨਾਲ ਮਾਨਸਿਕ, ਬੌਧਿਕ ਵਿਕਾਸ ਅਤੇ ਤਰਕ ਸ਼ਕਤੀ ਅਤੇ ਸਮਰੱਥਾ ਦਾ ਵਿਕਾਸ ਹੁੰਦਾ ਹੈ ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅੰਮ੍ਰਿਤ ਲਾਲ, ਤੁਸ਼ਾਰ ਕੁਮਾਰ, ਭੂਸ਼ਣ ਜਿੰਦਲ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਕਰਵਾਇਆ ਗਿਆ 'ਏਕਮ'ਜ਼ ਐਵਾਰਡ ਸ਼ੋਅ'

ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਅੱਜ ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ 'ਐਵਾਰਡ ਸ਼ੋਅ' ਕਰਵਾਇਆ ਗਿਆ ਜਿਸ ਵਿੱਚ ਸੈਸ਼ਨ 2024-25 ਦੇ ਨਰਸਰੀ ,ਐੱਲ ਕੇ ਜੀ ਅਤੇ ਪਹਿਲੀ ਤੋਂ ਗਿਆਰਵੀਂ ਤੱਕ ਦੇ ਆਊਟਸਟੈਂਡਿੰਗ ਪੁਜੀਸ਼ਨ ਹੋਲਡਰ ਵਿਦਿਆਰਥੀਆਂ ਨੂੰ ਐਵਾਰਡ ਦੇ ਕੇ ਹੌਂਸਲਾ ਅਫ਼ਜ਼ਾਈ ਕੀਤੀ ਗਈ। ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਸਾਂਝੇ ਤੌਰ ਤੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸਰਦਾਰ ਬਲਦੇਵ ਕਲਿਆਣ ਵਾਈਸ ਪ੍ਰੈਜੀਡੈਂਟ ਸ਼੍ਰੋਮਣੀ ਅਕਾਲੀ ਦਲ ਪ੍ਰਬੰਧਕ ਕਮੇਟੀ ਅਤੇ ਸਰਦਾਰ ਬਚਿੱਤਰ ਸਿੰਘ ਕੋਹਾੜ ਹਲਕਾ ਇੰਚਾਰਜ ਸ਼ਾਹਕੋਟ(ਸ਼੍ਰੋਮਣੀ ਅਕਾਲੀ ਦਲ) ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਸਾਂਝੇ ਤੌਰ ਤੇ ਸ਼ਮਾ ਰੌਸ਼ਨ ਕਰਨ ਉਪਰੰਤ ਕੀਤੀ ਗਈ। ਇਸਦੇ ਤੁਰੰਤ ਬਾਅਦ ਸਕੂਲ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਵਲੋਂ ਡਾਂਸ ਆਈਟਮ ਪੇਸ਼ ਕੀਤੀਆਂ ਗਈਆਂ ਜਿੰਨਾ ਦਾ ਸਭ ਨੇ ਭਰਪੂਰ ਅਨੰਦ ਮਾਣਿਆ। ਇਸ ਮੌਕੇ ਸਕੂਲ ਪਰੈਜੀਡੈਂਟ ਸਰਦਾਰ ਦਲਜੀਤ ਸਿੰਘ, ਸਰਦਾਰ ਸੁਰਿੰਦਰ ਸਿੰਘ ਥਿੰਦ,ਕੁੰਵਰ ਅਰਮਾਨ ਸਿੰਘ ਥਿੰਦ,ਡਾਕਟਰ ਸੁਖਪ੍ਰੀਤ ਸਿੰਘ ਆਹਲੂਵਾਲੀਆ, ਮਹਿੰਦਰ ਪਾਲ ਸਿੰਘ ਟੁਰਨਾ, ਨਰਿੰਦਰ ਅਰੋੜਾ,ਰਾਜਵਿੰਦਰ ਸ਼ਰਮਾ ਐੱਮ ਸੀ, ਮਨੋਜ ਚੋਪੜਾ, ਅਸ਼ੋਕ ਚੌਹਾਨ, ਹਰਪ੍ਰੀਤ ਸਿੰਘ ਮੱਟੂ,ਸੇਵਾ ਸਿੰਘ ਥਿੰਦ, ਅਮਰਜੀਤ ਸਿੰਘ ਅੰਬਾ, ਸੁਰਿੰਦਰ ਸਿੰਘ ਛਾਬੜਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆ ਂ ਆਖਿਆ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਇਨਾਮ ਵੰਡ ਸਮਾਰੋਹ ਵਿੱਚ 330 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸੇ ਪ੍ਰਕਾਰ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਆਪਣੀ ਗੱਲਬਾਤ ਦੌਰਾਨ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਨੇ ਇਹ ਵੀ ਦੱਸਿਆ ਕਿ ਆਉਣ ਵਾਲੀ 30 ਦਸੰਬਰ ਨੂੰ ਸਕੂਲ ਆਪਣਾ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਉਣ ਜਾ ਰਿਹਾ ਹੈ। ਸਟੇਜ ਸੰਚਾਲਨ ਮੈਡਮ ਸਵਪਨਦੀਪ ਕੌਰ ਅਤੇ ਸਰਦਾਰ ਰਣਜੋਤ ਸਿੰਘ ਵਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਕੀਤਾ ਗਿਆ। ਅਖੀਰ ਵਿੱਚ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਵਲੋਂ ਸਾਰੇ ਸਟਾਫ਼ ਦਾ ਵਧੀਆ ਕਾਰਗੁਜ਼ਾਰੀ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਦਲਜੀਤ ਕੌਰ ,ਸਮੀਕਸ਼ਾ ਸ਼ਰਮਾ,ਬਲਾਕ ਹੈੱਡ ਦਵਿੰਦਰ ਨਾਹਰ, ਨੇਹਾ ਭੱਲਾ,ਰਾਜਵਿੰਦਰ ਕੌਰ ਅਤੇ ਸਮੂਹ ਸਟਾਫ਼ ਮੈਂਬਰਾਨ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ਼

'ਸਾਂਝਾਂ ਪਿਆਰ ਦੀਆਂ' ਵੱਲੋਂ ਅਣਗੌਲੇ ਸਾਹਿਤਕਾਰਾਂ ਨੂੰ ਉੱਚਾ ਚੁੱਕਣ ਦਾ ਉਪਰਾਲਾ

ਸੰਗਰੂਰ, (ਰਮੇਸ਼ਵਰ ਸਿੰਘ) ਪੰਜਾਬੀ ਅੰਤਰਰਾਸ਼ਟਰੀ ਸਾਹਿਤਕ ਮੰਚ 'ਸਾਂਝਾਂ ਪਿਆਰ ਦੀਆਂ' ਵੱਲੋਂ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਸਹਿਯੋਗ ਨਾਲ 16 ਨਵੰਬਰ ਦਿਨ ਐਤਵਾਰ ਨੂੰ ਲੇਖਕ ਭਵਨ ਸੰਗਰੂਰ ਵਿਖੇ ਕੁਲਦੀਪ ਸਿੰਘ ਬੰਗੀ, ਬਲਵੰਤ ਚਿਰਾਗ, ਜੱਸ ਬਠਿੰਡਾ ਅਤੇ ਸੁਖਵਿੰਦਰ ਸਿੰਘ ਲੋਟੇ ਦੀ ਸਾਂਝੇ ਤੌਰ 'ਤੇ ਪ੍ਰਧਾਨਗੀ ਹੇਠ ਸਾਲਾਨਾ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਗ਼ਜ਼ਲ ਸਮਰਾਟ ਪੁਰਸਕਾਰ ਤਰਸੇਮ ਨੂਰ ਨੂੰ ਦਿੱਤਾ ਗਿਆ ਅਤੇ ਮਨਜੀਤ ਬਠਿੰਡਾ, ਸੁਖਜੀਤ ਸਿੰਘ ਅਤੇ ਮਨਜੀਤ ਕੌਰ ਅੰਬਾਲਵੀ ਨੂੰ ਵਿਸ਼ੇਸ਼ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦੇ ਹੋਏ ਕੁਲਦੀਪ ਸਿੰਘ ਬੰਗੀ ਨੇ ਕਿਹਾ ਕਿ ਸਾਂਝਾਂ ਪਿਆਰ ਦੀਆਂ ਗਰੁੱਪ ਸਰਦਾਰ ਜਸਪਾਲ ਸੂਸ ਅਤੇ ਗੁਰਸ਼ਰਨ ਸਿੰਘ ਅਜੀਬ ਵੱਲੋਂ ਪਿਛਲੇ ਲੰਬੇ ਅਰਸੇ ਤੋਂ ਚਲਾਇਆ ਜਾ ਰਿਹਾ ਹੈ , ਜਿਸ ਦਾ ਖਰਚਾ ਉਹਨਾਂ ਦੁਆਰਾ ਸਾਂਝੇ ਤੌਰ 'ਤੇ ਕੀਤਾ ਜਾਂਦਾ ਹੈ। ਇਸ ਗਰੁੱਪ ਨਾਲ ਵਿਸ਼ਵ ਦੇ ਕਈ ਮੁਲਕਾਂ ਦੇ ਸਾਹਿਤਕਾਰ ਜੁੜੇ ਹੋਏ ਹਨ। ਗਰੁੱਪ ਦੁਆਰਾ ਕਵੀਆਂ ਦੀਆਂ ਰਚਨਾਵਾਂ ਇਕੱਠੀਆਂ ਕਰਕੇ ਕਈ ਕਾਵਿ-ਸੰਗ੍ਰਹਿ ਛਾਪੇ ਜਾ ਚੁੱਕੇ ਹਨ। ਬਹੁਤ ਸਾਰੇ ਲੇਖਕਾਂ ਦੇ ਗੀਤ ਰਿਕਾਰਡ ਕਰਵਾਏ ਗਏ ਹਨ। ਹਰ ਸਾਲ ਪਾਰਦਰਸ਼ੀ ਤਰੀਕੇ ਨਾਲ ਚੋਣ ਕਰਕੇ ਸਨਮਾਨ ਦਿੱਤੇ ਜਾਂਦੇ ਹਨ। ਬਲਵੰਤ ਚਿਰਾਗ ਨੇ ਕਿਹਾ ਕਿ ਸਾਹਿਤਕਾਰਾਂ ਨੂੰ ਗਰੁੱਪ ਦੀਆਂ

ਉਸਾਰੂ ਗਤੀਵਿਧੀਆਂ ਤੋਂ ਕਾਫ਼ੀ ਹੌਸਲਾ ਮਿਲਦਾ ਹੈ। ਜੱਸ ਬਠਿੰਡਾ ਨੇ ਸਰਦਾਰ ਜਸਪਾਲ ਸੂਸ, ਗੁਰਸ਼ਰਨ ਸਿੰਘ ਅਜੀਬ ਅਤੇ ਹੋਰ ਐਕਟਿਵ ਸਾਹਿਤਕਾਰਾਂ 'ਤੇ ਲਿਖੀ ਆਪਣੀ ਰਚਨਾ ਸੁਣਾ ਕੇ ਸਾਰਿਆਂ ਦਾ ਦਿਲ ਮੋਹ ਲਿਆ। ਸੁਖਵਿੰਦਰ ਸਿੰਘ ਲੋਟੇ ਨੇ ਕਿਹਾ ਕਿ ਮੈਂ ਲੰਬੇ ਸਮੇਂ ਤੋਂ ਗਰੁੱਪ ਨਾਲ ਜੁੜਿਆ ਹੋਇਆ ਹਾਂ। ਮੈਨੂੰ ਸਾਹਿਤ ਤੇ ਕਲਾ ਦੇ ਖੇਤਰ ਵਿੱਚ ਗਰੁੱਪ ਨਾਲ ਜੁੜ ਕੇ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ ਹੈ। ਮਾਲਵਾ ਲਿਖਾਰੀ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਵੀ ਸਾਂਝਾਂ ਪਿਆਰ ਦੀਆਂ ਗਰੁੱਪ ਦੀ ਪ੍ਰਸੰਸਾ ਕੀਤੀ। ਗ਼ਜ਼ਲ ਸਮਰਾਟ ਤਰਸੇਮ ਨੂਰ ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਦਾ ਦਿਲ ਜਿੱਤ ਲਿਆ। ਸਮਾਗਮ ਵਿੱਚ ਮਨਜੀਤ ਕੌਰ ਅੰਬਾਲਵੀ ਦਾ ਮਿੰਨੀ ਕਹਾਣੀ-ਸੰਗ੍ਰਹਿ 'ਸਿੱਲ੍ਹੀਆਂ ਅੱਖਾਂ' ਵੀ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਪਵਨ ਕੁਮਾਰ ਹੋਸ਼ੀ, ਮੀਤ ਗੁਰਮੀਤ ਸਿੰਘ, ਗੁਰਮੁਖ ਸਿੰਘ, ਕੁਲਦੀਪ ਸਿੰਘ ਬੰਗੀ, ਬਹਾਦਰ ਸਿੰਘ ਧੌਲਾ, ਤਰਸੇਮ ਨੂਰ, ਸੁਖਵਿੰਦਰ ਸਿੰਘ ਲੋਟੇ, ਬਲਵੰਤ ਚਿਰਾਗ, ਰਣਜੀਤ ਸਿੰਘ ਧੂਰੀ, ਮਨਜੀਤ ਬਠਿੰਡਾ, ਜੱਸ ਬਠਿੰਡਾ, ਕਰਨੈਲ ਸਿੰਘ ਬੀਂਬੜ, ਮਨਜੀਤ ਕੌਰ ਅੰਬਾਲਵੀ, ਸਤਵੰਤ ਕੌਰ, ਮਦਨ ਲਾਲ ਬੁੱਲੋਵਾਲ, ਮਾਸਟਰ ਬਲਦੇਵ ਸੈਣੀ, ਸੁਖਜੀਤ ਸਿੰਘ ਅੱਭੋਵਾਲ, ਜਗਜੀਤ ਸਿੰਘ ਲੱਡਾ, ਸੁਖਦੇਵ ਸਿੰਘ ਪੇਂਟਰ, ਬਲੀ ਬਲਜਿੰਦਰ ਈਲਵਾਲ, ਖੁਸ਼ਪ੍ਰੀਤ ਕੌਰ, ਸਰਬਜੀਤ ਸੰਗਰੂਰਵੀ, ਕਰਮ ਸਿੰਘ ਜ਼ਖ਼ਮੀ, ਸੋਢੀ ਸਾਹਿਬ, ਪਰਮਿੰਦਰ ਸਿੰਘ, ਹਰਵੀਰ ਸਿੰਘ, ਸ਼ਿਵ ਕੁਮਾਰ ਅੰਬਾਲਵੀ, ਰਾਜਦੀਪ ਸਿੰਘ, ਸੁਖਨਦੀਪ ਕੌਰ, ਰਜਿੰਦਰ ਸਿੰਘ ਰਾਜਨ, ਏਕਮਦੀਪ ਸਿੰਘ, ਮੁੰਗੀਆ, ਦੀਪ, ਅਮਰਜੀਤ ਸਿੰਘ, ਵਿਜੇ ਕੁਮਾਰ, ਰਾਮ ਸਿੰਘ, ਚਮਨ ਲਾਲ, ਗੁਰਪ੍ਰੀਤ ਸਿੰਘ, ਪ੍ਰਦੀਪ ਸਿੰਘ, ਰਮੇਸ਼ ਕੁਮਾਰ, ਤੇਲੂ ਰਾਮ, ਗੁੜੀਆ ਅਤੇ ਸਰੋਜ ਰਾਣੀ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਰੰਗ ਬੰਨ੍ਹਿਆ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ। ਸਮਾਗਮ ਦੇ ਅਖੀਰ ਵਿੱਚ ਸੁਖਵਿੰਦਰ ਸਿੰਘ ਲੋਟੇ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਫਾਹਾਂ ਕਲੇਰਾਂ ਹਸਪਤਾਲ ਵਿਚ ਲੱਗੇ ਚਮੜੀ ਦੀਆਂ ਬਿਮਾਰੀਆਂ ਦੇ ਮੁਫ਼ਤ ਕੈਂਪ ਦਾ 206 ਮਰੀਜ਼ਾਂ ਲਾਭ ਪ੍ਰਾਪਤ ਕੀਤਾ

ਹਸਪਤਾਲ ਫਾਹਾਂ ਕਲੇਰਾਂ ਵਿਖੇ ਲੱਗੇ ਮੁਫਤ ਚਮੜੀ ਦੇ ਰੋਗਾਂ ਦਾ ਮੁਫਤ ਕੈਂਪ ਵਿਚ ਡਾ . ਕਰਨ ਛਾਬੜਾ ਮਰੀਜ਼ਾਂ ਦੀ ਜਾਂਚ ਮੌਕੇ।

ਨਵਾਂਸ਼ਹਿਰ /ਬੰਗਾ (ਜਤਿੰਦਰ ਪਾਲ ਸਿੰਘ ਕਲੇਰ) ਗੁਰੂ ਨਾਨਕ ਮਿਸ਼ਨ ਹਸਪਤਾਲ ਫਾਹਾਂ ਕਲੇਰਾਂ ਵਿਖੇ ਚਮੜੀ ਦੀਆਂ ਬਿਮਾਰੀਆਂ ਦਾ ਦੂਜਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ , ਜਿਸ ਦਾ 206 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ । ਇਸ ਮੌਕੇ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਫਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਫਾਹਾਂ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਗੁਰੂ ਨਾਨਕ ਮਿਸ਼ਨ ਹਸਪਤਾਲ ਫਾਹਾਂ ਕਲੇਰਾਂ ਵੱਲੋਂ ਇਲਾਕੇ ਦੇ ਲੋੜਵੰਦ ਮਰੀਜ਼ਾਂ ਦੀ ਮਦਦ ਕਰਨ ਲਈ ਮੁਫਤ ਮੈਡੀਕਲ ਕੈਂਪਾਂ ਦੀ ਲੜੀ ਵਿਚ ਚਮੜੀ ਦੀਆਂ ਲੋੜਵੰਦ ਮਰੀਜ਼ਾਂ ਦੀ ਮਦਦ ਕਰਨ ਲਈ ਚਮੜੀ ਦੇ ਰੋਗਾਂ ਦਾ ਦੂਜਾ ਮੁਫਤ ਕੈਂਪ ਲਗਾਇਆ ਗਿਆ ਹੈ। ਇਸ ਮੌਕੇ ਹਸਪਤਾਲ ਦੇ ਚਮੜੀ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਕਰਨ ਛਾਬੜਾ ਐਮ ਡੀ (ਸਕਿਨ) ਵੱਲੋਂ ਕੈਂਪ ਵਿਚ 206 ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਅਤੇ ਮੁਫਤ ਦਵਾਈਆਂ ਪ੍ਰਦਾਨ ਕੀਤੀਆਂ । ਫਰੀ ਕੈਂਪ ਵਿਚ ਡਾ. ਕਰਨ ਛਾਬੜਾ ਨੇ ਮਰੀਜ਼ਾਂ ਨੂੰ ਚਮੜੀ ਦੀਆਂ ਬਿਮਾਰੀਆਂ ਤੋਂ ਬਚਾਅ ਰੱਖਣ ਲਈ ਜਾਗਰੂਕ ਵੀ ਕੀਤਾ। ਇਸ ਮੌਕੇ ਡਾ. ਨਿਤਿਕਾ ਠਾਕਰ ਮੈਡੀਕਲ ਅਫਸਰ, ਮੈਡਮ ਜੋਤੀ ਭਾਟੀਆ, ਸ. ਰਣਜੀਤ ਸਿੰਘ ਮਾਨ, ਸ੍ਰੀ ਵਿਵੇਕ ਅਰੋੜਾ, ਸ੍ਰੀ ਕਰਨ ਸਰਗੰਲ, ਸ੍ਰੀ ਵਿਸ਼ਾਲ ਚੌਧਰੀ, ਸ੍ਰੀ ਰਾਹੁਲ ਵਰਮਾ, ਹਸਪਤਾਲ ਦਾ ਨਰਸਿੰਗ ਅਤੇ ਮੈਡੀਕਲ ਸਟਾਫ ਮੌਜੂਦ ਸੀ ।

ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਵਿਖੇ ਬਾਲ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਵਿਖੇ ਮੈਡਮ ਅਮਨਦੀਪ ਕੌਰ ਗੰਗੜ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਬੱਚਿਆਂ ਵੱਲੋਂ ਬਾਲ ਦਿਵਸ ਬੜੇ ਚਾਵਾਂ ਨਾਲ ਮਨਾਇਆ ਗਿਆ। ਰੰਗ ਬਰੰਗੀਆਂ ਪੋਸ਼ਾਕਾਂ ਵਿੱਚ ਜਦੋਂ ਬੱਚੇ ਸਕੂਲ ਆ ਰਹੇ ਸੀ ਤਾਂ ਬਾਲ ਦਿਵਸ ਮਨਾਉਣ ਦੀ ਖੁਸ਼ੀ ਉਹਨਾਂ ਦੇ ਚੇਹਰਿਆਂ ਤੇ ਸਪਸ਼ਟ ਦਿਖਾਈ ਦੇ ਰਹੀ ਸੀ । ਖੂਬਸੂਰਤ ਪੰਡਾਲ ਵਿੱਚ ਬੱਚਿਆਂ ਅਤੇ ਸਟਾਫ ਵੱਲੋਂ ਸੁਸ਼ੋਬਿਤ ਹੋਣ ਉਪਰੰਤ ਮੰਚ ਸੰਚਾਲਕ ਮੈਡਮ ਜਤਿੰਦਰਾ ਵਲੋਂ ਸਮਾਗਮ ਦੀ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਸਭ ਤੋਂ ਪਹਿਲੋਂ ਉਨਾਂ ਬਾਲ ਦਿਵਸ ਮਨਾਉਣ ਦੀ ਮਹੱਤਤਾ ਬਾਰੇ ਵੇਰਵੇ ਸਹਿਤ ਚਾਨਣਾ ਪਾਇਆ । ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਬੱਚਿਆਂ ਪ੍ਰਤੀ ਅਥਾਹ ਪਿਆਰ ਅਤੇ ਬੱਚਿਆਂ ਵਲੋਂ ਉਹਨਾਂ ਨੂੰ ਚਾਚਾ

ਨਹਿਰੂ ਦੇ ਨਾਮ ਨਾਲ ਪੁਕਾਰਨ ਬਾਬਤ ਛੋਟੇ-ਛੋਟੇ ਬੱਚਿਆਂ ਵਲੋਂ ਭਾਸ਼ਣ, ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਵੱਡੇ ਬੱਚਿਆਂ ਵੱਲੋਂ ਸੋਲੋ ਡਾਂਸ, ਗਰੁੱਪ ਡਾਂਸ ਅਤੇ ਕੋਰੀਓਗ੍ਰਾਫੀ ਦੀਆਂ ਵੱਖ-ਵੱਖ ਪੇਸ਼ਕਾਰੀਆਂ ਵੱਖਰੇ -ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤੀਆਂ ਗਈਆਂ। ਲੜਕੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਦੀ ਆਖਰੀ ਪੇਸ਼ਕਾਰੀ 'ਖੇਡਣ ਦੇ ਦਿਨ ਚਾਰ 'ਬਹੁਤ ਸਰਾਹੁਣ ਯੋਗ ਰਹੀ ਅਤੇ ਸਰੋਤੇ ਭਾਵੁਕ ਹੋਏ ਦਿਸੇ। ਇਸ ਮੌਕੇ ਤੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ਼੍ਰੀ ਅਜੀਤ ਰਾਮ ਧੀਮਾਨ ਵੱਲੋਂ ਆਪਣੇ ਸੰਬੋਧਨ ਵਿੱਚ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਕਥਨ ਯਾਦ ਕਰਵਾਏ ਗਏ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਅੱਜ ਦੇ ਬੱਚੇ ਕੱਲ੍ਹ ਦੇ ਮਜਬੂਤ ਅਤੇ ਖੁਸ਼ਹਾਲ ਭਾਰਤ ਦੀ ਨੀਂਵ ਹਨ। ਇਸ ਸਮੇਂ ਉਨਾਂ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਵੀ ਨਮਨ ਕੀਤਾ ਜਿਨਾਂ ਦੇਸ਼ ਅਤੇ ਧਰਮ ਦੀ ਖਾਤਰ ਛੋਟੀ ਉਮਰੇ ਜਾਨਾਂ ਵਾਰੀਆਂ ਸਨ।

ਅਗਲੀ ਵਾਰ ਵੀ ਪੰਜਾਬ 'ਚ ਮੁੜ 'ਆਪ' ਦੀ ਸਰਕਾਰ : ਡਾਕਟਰ ਨਰੇਸ਼ ਕੁਮਾਰ ਸੁੱਧਾਮਾਜਰਾ

ਬਲਾਚੌਰ ਪਾਲ ਸਿੰਘ ਕਲੇਰ) – ਪੰਜਾਬ ਦੇ ਲੋਕ ਪੰਜਾਬ ਵਿੱਚ ਹੋ ਰਹੇ ਸਰਬਪੱਖੀ ਵਿਕਾਸ ਅਤੇ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਤੋਂ ਖੁਸ਼ ਅਤੇ ਸੰਤੁਸ਼ਟ ਹਨ। ਇਸ ਗੱਲ ਦਾ ਪੁੱਖਤਾ ਸਬੂਤ ਤਰਨਤਾਰਨ ਸਾਹਿਬ ਦੀ ਉੱਪ ਚੋਣ ਵਿੱਚ ਉਥੋਂ ਦੇ ਵੋਟਰਾਂ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਭਾਰੀ ਵੋਟਾਂ ਦੇ ਫਰਕ ਨਾਲ ਜਿੱਤਾ ਕੇ ਦੇ ਦਿੱਤਾ ਹੈ, ਇਹ ਵਿਚਾਰ ਡਾਕਟਰ ਨਰੇਸ਼ ਕੁਮਾਰ ਸਾਬਕਾ ਸਰਪੰਚ ਸੁੱਧਾਮਾਜਰਾ ਅਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ

ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੂੰ ਵੋਟਰਾਂ ਨੇ ਇਕ ਵਾਰ ਫਿਰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਇਨ੍ਹਾਂ ਚੋਣ ਨਤੀਜਿਆਂ ਨੇ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਹਿੱਤ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਢ ਬੰਨ੍ਹ ਦਿੱਤਾ ਹੈ ਅਤੇ 2027 ਵਿੱਚ ਆਮ ਆਦਮੀ ਪਾਰਟੀ 200 ਤੋਂ ਵੱਧ ਸੀਟਾਂ ਦਰਜ ਕਰਕੇ ਨਵਾਂ ਇਤਿਹਾਸ ਸਿਰਜੇਗੀ। ਉਨ੍ਹਾਂ ਕਿਹਾ ਕਿ ਆਪ ਦੀ ਸ਼ਾਨਦਾਰ ਤੇ ਇਤਿਹਾਸਕ ਜਿੱਤ ਨੇ ਵਿਰੋਧੀਆਂ ਨੂੰ ਸੰਕੇਤ ਦੇ ਦਿੱਤਾ ਕਿ ਪੰਜਾਬ ਦਾ ਅਸਲ ਵਿਕਾਸ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸ਼ਨ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਦੇ ਸਕਦੀ ਹੈ।

ਅਖਾੜਾ ਨਸੀਬ ਫਿਲੌਰ ਵਲੋਂ ਵਿਸ਼ਾਲ ਕੁਸ਼ਤੀ ਦੰਗਲ ਅੱਜ

ਅੱਪਰਾ/ਫਿਲੌਰ, (ਦੀਪਾ)– ਅਖਾੜਾ ਨਸੀਬ ਫਿਲੌਰ ਵਲੋਂ ਵਿਸ਼ਾਲ ਕੁਸ਼ਤੀ ਦੰਗਲ ਨੂਰਮਹਿਲ ਰੋਡ ਮੁਹੱਲਾ ਰਵਿਦਾਸਪੁਰਾ ਫਿਲੌਰ ਵਿਖੇ ਅੱਜ ਮਿਤੀ 18 ਨਵੰਬਰ ਦਿਨ ਮੰਗਲਵਾਰ ਨੂੰ ਪੂਰੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਲਖਵੀਰ ਸਿੰਘ ਭੈਣੀ (ਕੈਨੇਡਾ), ਅਵਤਾਰ ਹੀਰ (ਜਰਮਨ) ਤੇ ਪਹਿਲਵਾਨ ਮੇਹਰ ਫਿਲੌਰ ਨੇ ਦੱਸਿਆ ਕਿ ਇਸ ਵਿਸ਼ਾਲ ਕੁਸ਼ਤੀ ਦੰਗਲ 'ਚ ਪਹਿਲਵਾਨ ਬਲਵੀਰ ਦੋਦਰ, ਹਰਸ਼ ਫਿਲੌਰ, ਤੀਰਥ ਮਾਹਲਾਂ,

ਸੋਨੀ ਸਹੋਤਾ ਤੇ ਸਿਮਰਨ ਸਹੋਤਾ ਆਪਣੇ ਜੌਹਰ ਦਿਖਾਉਣਗੇ । ਇਸ ਮੌਕੇ ਪਟਕੇ ਦੀ ਕੁਸ਼ਤੀ ਪ੍ਰਿਪਾਲ ਫਗਵਾੜਾ ਤੇ ਰਾਜਾ ਅੰਮ੍ਰਿਸਰ ਤੇ ਪਰਮਿੰਦਰ ਡੂਮਛੇੜੀ ਤੇ ਰੌਸ਼ਨ ਕਿਰਲਗੜ ਵਿਚਕਾਰ ਹੋਵੇਗੀ । ਇਸ ਮੌਕੇ ਪਹਿਲਵਾਨਾਂ ਨੂੰ ਆਕਰਸ਼ਕ ਇਨਾਮ ਵੀ ਦਿੱਤੇ ਜਾਣਗੇ ।

ਵੀਰ ਸੋਢੀ ਸਿੰਘ ਮੁਕੰਦਪੁਰ ਨੇ ਆਪਣੀ ਕਿਰਤ ਕਮਾਈ 'ਚ ਦਸਵੰਦ ਕੱਢ ਕੇ ਇਨਕਲਾਬੀ ਸੰਘਰਸ਼ ਲਈ ਫਰੀਡਮ ਗਰੁੱਪ ਨੂੰ ਕੀਤਾ ਵਾਇਰਲੈਸ ਸਾਊਂਡ ਸਪੀਕਰ ਭੇਂਟ

ਫਿਲੌਰ/ਅੱਪਰਾ, (ਦੀਪਾ)– ਜਦੋਂ ਵੀ ਪੰਜਾਬ ਵਿੱਚ ਜਾਂ ਸਾਡੇ ਦੇਸ਼ ਵਿੱਚ ਕਿਸੇ ਨਾਲ ਵੀ ਸਰਕਾਰਾਂ ਨਾਇਨਸਾਫੀ ਕਰਦੀਆਂ ਹਨ ਜਾਂ ਜੁਲਮ ਕਰਦੀਆਂ ਹਨ, ਜਿਵੇਂ ਕਿ ਪਹਿਲਵਾਨ ਕੁੜੀਆਂ ਦੇ ਨਾਲ ਫਾਸ਼ੀਵਾਦੀ ਹਕੂਮਤ ਨੇ ਦਿੱਲੀ ਵਿੱਚ ਬਹੁਤ ਅੱਤਿਆਚਾਰ ਕੀਤਾ ਸੀ । ਗਰੀਬ ਘਰ ਦੀ ਧੀ ਮਨੀਸ਼ਾ ਨਾਲ ਯੂਪੀ ਦੇ ਹਾਥਰਸ ਵਿੱਚ ਗੁੰਡਿਆਂ ਨੇ ਗੈਂਗਰੇਪ ਕੀਤਾ ਸੀ । ਮੋਗੇ ਦੇ ਪਿੰਡ ਚੰਦ ਭਾਨ ਵਰਗੀਆਂ ਘਟਨਾਵਾਂ ਅਤੇ ਬਹੁਤ ਸਾਰੀਆਂ ਕਿਰਤੀ ਮਜ਼ਦੂਰ ਤੇ ਮਿਹਨਤਕਸ਼ ਲੋਕਾਂ ਦੇ ਨਾਲ ਜੁੜੀਆਂ ਹੋਈਆਂ ਸਾਡੇ ਦੇਸ਼ ਵਿੱਚ ਘਟਨਾਵਾਂ ਹੁੰਦੀਆਂ ਹਨ । ਉਸ ਸਮੇਂ ਇਲਾਕੇ ਵਿੱਚ ਹਾਅ ਦਾ ਨਾਰਾ ਮਾਰਨ ਦੇ ਲਈ ਵੱਖ-ਵੱਖ ਤਰ੍ਹਾਂ ਦੇ ਐਜੀਟੇਸ਼ਨਾਂ ਲਈ ਸਾਊਂਡ ਸਪੀਕਰ ਦੀ ਬਹੁਤ ਸਖਤ ਜਰੂਰਤ ਰਹਿੰਦੀ ਸੀ । ਇਸ ਗੱਲ ਤੋਂ ਪ੍ਰਭਾਵਿਤ ਹੁੰਦਿਆਂ ਤੇ ਇਸ ਗੱਲ ਦੀ ਗੰਭੀਰਤਾ ਨੂੰ ਸਮਝਦੇਆਂ ਸੋਢੀ ਸਿੰਘ ਮੁਕੰਦਪੁਰ ਵੀਰ ਨੇ ਇਨਕਲਾਬੀ ਸੰਘਰਸ਼ ਲਈ ਇੱਕ ਵਾਇਰਲੈਸ ਸਾਊਂਡ ਸਪੀਕਰ ਫਰੀਡਮ ਗਰੁੱਪ ਨੂੰ ਭੇਂਟ ਕੀਤਾ । ਇਸ ਮੌਕੇ ਲੋਕ ਗਾਇਕ ਧਰਮਿੰਦਰ ਮਸਾਣੀ ਨੇ ਸੋਢੀ ਸਿੰਘ ਮੁਕੰਦਪੁਰ ਦਾ ਵਿਸ਼ੇਸ਼ ਧੰਨਵਾਦ ਕੀਤਾ ।

ਇੱਕ ਮਛੇਰੇ ਦੇ ਜਾਲ ਵਿੱਚ ਇੱਕ ਦੁਰਲੱਭ ਐਮਾਜ਼ਾਨ ਮੱਛੀ ਫਸੀ

ਬਗਾਹਾ। ਬਿਹਾਰ ਦੇ ਪੱਛਮੀ ਚੰਪਾਰਣ ਜ਼ਿਲ੍ਹੇ ਦੇ ਬਗਾਹਾ ਵਿੱਚ ਇੱਕ ਮਛੇਰੇ ਨੇ ਇੱਕ ਦੁਰਲੱਭ ਪ੍ਰਜਾਤੀ ਦੀ ਮੱਛੀ ਫੜੀ ਹੈ। ਰਾਮਨਗਰ ਵਿੱਚ ਤ੍ਰਿਵੇਣੀ ਨਹਿਰ ਵਿੱਚ ਮੱਛੀਆਂ ਫੜਦੇ ਸਮੇਂ ਇਹ ਅਨੋਖੀ ਮੱਛੀ ਉਸਦੇ ਜਾਲ ਵਿੱਚ ਫਸ ਗਈ। ਜਿਵੇਂ ਹੀ ਇਹ ਖ਼ਬਰ ਫੈਲੀ, ਦੂਰ-ਦੂਰ ਤੋਂ ਲੋਕ ਇਸ ਅਜੀਬ ਮੱਛੀ ਨੂੰ ਦੇਖਣ ਲਈ ਇਕੱਠੇ ਹੋ ਗਏ। ਜਾਣਕਾਰੀ ਅਨੁਸਾਰ, ਰਾਮਨਗਰ ਦਾ ਇੱਕ ਮਛੇਰਾ ਐਤਵਾਰ ਨੂੰ ਤ੍ਰਿਵੇਣੀ ਨਹਿਰ ਵਿੱਚ ਮੱਛੀਆਂ ਫੜ ਰਿਹਾ ਸੀ। ਜਦੋਂ ਉਸਨੇ ਪਾਣੀ ਵਿੱਚੋਂ ਆਪਣਾ ਜਾਲ ਕੱਢਿਆ, ਤਾਂ ਉਸਨੂੰ ਇੱਕ ਅਜਿਹੀ ਮੱਛੀ ਮਿਲੀ ਜੋ ਉਸਨੇ ਪਹਿਲਾਂ ਕਦੇ ਨਹੀਂ ਦੇਖੀ ਸੀ। ਇਹ ਖ਼ਬਰ ਇਲਾਕੇ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ, ਅਤੇ ਲੋਕਾਂ ਦੀ ਭੀੜ ਤੁਰੰਤ ਮਛੇਰੇ ਦੇ ਆਲੇ-ਦੁਆਲੇ ਇਕੱਠੀ ਹੋ ਗਈ।

ਇਹ ਮੱਛੀ ਐਮਾਜ਼ਾਨ ਨਦੀ ਵਿੱਚ ਪਾਈ ਜਾਂਦੀ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਜੰਗਲਾਤ ਵਿਭਾਗ ਦੀ ਇੱਕ ਟੀਮ ਵੀ ਮੌਕੇ 'ਤੇ ਪਹੁੰਚੀ। ਵਾਲਮੀਕਿ ਟਾਈਗਰ ਰਿਜ਼ਰਵ (ਝਠ੍ਰ) ਦੇ ਅਧੀਨ ਰਾਮਨਗਰ ਦੇ ਰੇਂਜਰ ਵਿਜੇ ਪ੍ਰਸਾਦ ਨੇ ਦੱਸਿਆ ਕਿ ਇਹ ਮੱਛੀ ਇੱਕ "ਸਕਰਮਾਊਥ ਕੈਟਫਿਸ਼" ਹੈ, ਜੋ ਮੁੱਖ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਵਿੱਚ ਐਮਾਜ਼ਾਨ ਨਦੀ ਵਿੱਚ ਪਾਈ ਜਾਂਦੀ ਹੈ। ਭਾਰਤ ਵਿੱਚ, ਇਸਨੂੰ "ਕੈਟਫਿਸ਼" ਵਜੋਂ ਵੀ ਜਾਣਿਆ ਜਾਂਦਾ ਹੈ। ਰਾਮਨਗਰ ਨਹਿਰ ਵਿੱਚ ਇਸਦਾ ਮਿਲਣਾ ਹੈਰਾਨੀਜਨਕ ਹੈ।

“ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਅੰਤਰਰਾਸ਼ਟਰੀ ਕਾਵਿ ਮਿਲਣੀ “ਦੀ ਪੰਜਵੀਂ ਵਰ੍ਹੇਗੰਢ ਪ੍ਰੋਗਰਾਮ ਬਹੁਤ ਸ਼ਾਨਦਾਰ ਤੇ ਜਾਨਦਾਰੀ ਹੋ ਨਿਬੜਿਆ”

ਬਰੈਂਪਟਨ (ਰਮਿੰਦਰ ਵਾਲੀਆ) ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਅਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋਂ ਆਨਲਾਈਨ ਮਹੀਨਾਵਾਰ “ ਅੰਤਰਰਾਸ਼ਟਰੀ ਕਾਵਿ ਮਿਲਣੀ “ 16 ਨਵੰਬਰ ਦਿਨ ਐਤਵਾਰ ਨੂੰ 9 ਵਜੇ ਸਵੇਰੇ ਕੈਨੇਡਾ ਅਤੇ ਭਾਰਤ 7/30 ਵਜੇ ਸ਼ਾਮ ਨੂੰ ਦਾ ਆਯੋਜਨ ਕੀਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 556 ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਾਵਿ ਮਿਲਣੀ ਦੀ ਇਹ ਪੰਜਵੀਂ ਵਰ੍ਹੇਗੰਢ ਹੈ। ਹੁਣ ਤੱਕ 700 ਤੋਂ ਵੀ ਉੱਪਰ ਨਾਮਵਰ ਸ਼ਖ਼ਸੀਅਤਾਂ ਦੇਸ਼ ਵਿਦੇਸ਼ ਤੋਂ ਇਸ ਕਾਵਿ ਮਿਲਣੀ ਵਿੱਚ ਸ਼ਿਰਕਤ ਕਰ ਕਰ ਚੁੱਕੀਆਂ ਹਨ । ਬਹੁਤ ਘੱਟ ਮੈਂਬਰਜ਼ ਨੂੰ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਦਾ ਦੁਬਾਰਾ ਮੌਕਾ ਮਿਲਿਆ ਹੈ ਜੀ , ਬਹੁਤ ਸਾਰੀਆਂ ਅਦਬੀ ਸ਼ਖ਼ਸੀਅਤਾਂ ਅਜੇ ਸੂਚੀ ਵਿੱਚ ਹਨ ।

ਇਸ ਪ੍ਰੋਗਰਾਮ ਵਿਚ ਸਾਰੇ ਹੀ ਵਿਸ਼ੇਸ਼ ਮਹਿਮਾਨ ਸਨ । ਪ੍ਰੋਗਰਾਮ ਦਾ ਆਰੰਭ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਪ੍ਰਧਾਨ ਤੇ ਹੋਸਟ ਰਿੰਟੂ ਭਾਟੀਆ ਨੇ ਮੂਲ ਮੰਤਰ ਦੇ ਪਾਠ ਨਾਲ ਸ਼ੁਰੂ ਕੀਤਾ । ਪੰਜ ਸਾਲਾਂ ਦੌਰਾਨ ਹੋ ਰਹੇ ਸਾਰੇ ਪ੍ਰੋਗਰਾਮਾਂ ਦੀ ਜਾਣਕਾਰੀ ਨੂੰ ਰਿੰਟੂ ਭਾਟੀਆ ਜੀ ਨੇ ਸਾਂਝਾ ਕੀਤਾ । ਰਿੰਟੂ ਭਾਟੀਆ ਜੀ ਨੇ ਡਾ . ਗੁਰਚਰਨ ਕੌਰ ਕੋਚਰ ਜੀ ਦਾ ਵਧਾਈ ਮੈਸੇਜ ਵੀ ਪੜ੍ਹ ਕੇ ਸੁਣਾਇਆ । ਸਰਪ੍ਰਸਤ ਸੁਰਜੀਤ ਕੌਰ ਨੇ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆਂ ਕਿਹਾ ਅਤੇ ਆਪਣੀ ਇਕ ਰਚਨਾ ਗੁਰੂ ਨਾਨਕ ਦੇਵ ਜੀ ਉਪਰ ਪੇਸ਼ ਕੀਤੀ । ਸੁਰਜੀਤ ਕੌਰ ਨੇ ਇਸ ਪ੍ਰੋਗਰਾਮ ਦੀ ਪੰਜਵੀਂ ਵਰ੍ਹੇਗੰਢ ਦੀ ਮੁਬਾਰਕ ਬਾਦ ਵੀ ਦਿੱਤੀ। ਉਹਨਾਂ ਆਨਲਾਈਨ ਹੋਣ ਵਾਲੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਰਮਿੰਦਰ ਰੰਮੀ ਜੀ ਦੇ ਸੁਹਿਰਦ ਯਤਨਾਂ ਦੀ ਪ੍ਰਸੰਸਾ ਕੀਤੀ। ਪ੍ਰੋਗਰਾਮ ਦਾ ਸੰਚਾਲਨ ਰਿੰਟੂ ਭਾਟੀਆ ਨੇ ਕੀਤਾ ਜੋਕਿ ਕਾਬਿਲੇ ਤਾਰੀਫ਼ ਸੀ । ਉਪਰੰਤ ਇਸ ਕਵੀ ਦਰਬਾਰ ਵਿਚ ਅਰਤਿੰਦਰ ਸੰਧੂ ,ਕੁਲਵੰਤ ਢਿੱਲੋਂ ,ਡਾ . ਪੁਸ਼ਵਿੰਦਰ ਕੌਰ ਖੋਖਰ ,ਡਾ . ਉਮਿੰਦਰ ਜੌਹਲ ,ਡਾ . ਨਿਗਹਤ ਖੁਰਸ਼ੀਦ ,ਸੁਰਿੰਦਰਜੀਤ ਕੌਰ ,ਸ . ਹਰਦਿਆਲ ਸਿੰਘ ਝੀਤਾ ,ਮੀਤਾ ਖੰਨਾ , ਵਰਿੰਦਰ ਸਿੰਘ ਪਾਂਸ਼ਟਾ ਯੂ ਐਸ ਏ ਅਤੇ ਸਤਬੀਰ ਸਿੰਘ ਨੇ ਆਪਣੀਆਂ ਕਾਵਿ ਰਚਨਾਵਾਂ ਸੁਣਾਈਆਂ ਅਤੇ ਕੁਝ ਨੇ ਆਪਣੇ ਵਿਚਾਰ ਵੀ ਪੇਸ਼ ਕੀਤੇ ।

ਜਗਤ ਪੰਜਾਬੀ ਸਭਾ ਦੇ ਚੇਅਰਮੈਨ ਸ . ਅਜੈਬ ਸਿੰਘ ਚੱਠਾ ਵਿਸ਼ੇਸ਼ ਤੌਰ ਤੇ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਏ ਤੇ ਉਹਨਾਂ ਨੇ ਪੰਜਵੀਂ ਵਰ੍ਹੇਗੰਢ ਤੇ ਸੱਭ ਨੂੰ ਵਧਾਈ ਦਿੱਤਾ ਤੇ ਕਿਹਾ ਕਿ ਰਮਿੰਦਰ ਰੰਮੀ ਬਹੁਤ ਮਿਹਨਤ ਕਰ ਰਹੇ ਹਨ ਤੇ ਆਪਣੇ ਟੀਮ ਮੈਂਬਰਜ਼ ਨੂੰ ਵੀ ਨਾਲ ਲੈ ਕੇ ਚੱਲਦੇ ਹਨ । ਰਮਿੰਦਰ ਰੰਮੀ ਨੇ ਦੱਸਿਆ ਕਿ ਅੱਜ ਤੋਂ ਪੰਜ ਸਾਲ ਪਹਿਲਾਂ ਜੱਦ ਪ੍ਰੋਗਰਾਮ ਕਾਵਿ ਮਿਲਣੀ ਨਵੰਬਰ

2020 ਵਿੱਚ ਪਹਿਲਾ ਪ੍ਰੋਗਰਾਮ ਕੀਤਾ ਸੀ ਤੇ ਸ . ਅਜੈਬ ਸਿੰਘ ਚੱਠਾ ਜੀ ਨੇ ਹੱਲਾਸ਼ੇਰੀ ਦਿੱਤੀ ਸੀ ਤੇ ਆਪਣਾ ਜ਼ੂਮ ਦਾ ਲਿੰਕ ਵੀ ਦਿੱਤਾ ਸੀ ਕਿ ਤੁਸੀਂ ਪ੍ਰੋਗਰਾਮ ਸ਼ੁਰੂ ਕਰੋ ਤੇ ਮੀਤਾ ਖੰਨਾ ਜੀ ਨੂੰ ਲੈ ਕੇ ਇਹ ਪ੍ਰੋਗਰਾਮ ਸ਼ੁਰੂ ਕੀਤੇ ਸਨ ਅਤੇ ਪਹਿਲੇ ਪ੍ਰੋਗਰਾਮ ਦੇ ਪਹਿਲੇ ਹੋਸਟ ਮੀਤਾ ਖੰਨਾ ਜੀ ਸਨ ।ਰਮਿੰਦਰ ਰੰਮੀ ਨੇ ਇਹਨਾਂ ਦਾ ਧੰਨਵਾਦ ਵੀ ਕੀਤਾ ।

ਪੰਜ ਸਾਲ ਤੋਂ ਜੋ ਰਮਿੰਦਰ ਰੰਮੀ ਦੀ ਅਗਵਾਈ ਵਿਚ ਲਗਾਤਾਰ ਇਹ ਅੰਤਰਰਾਸ਼ਟਰੀ ਕਾਵਿ ਮਿਲਣੀ ਪ੍ਰੋਗਰਾਮ ਹੋ ਰਹੇ ਹਨ ਉਹਨਾਂ ਸੱਭਨਾਂ ਨੇ ਇਹਨਾਂ ਪ੍ਰੋਗਰਾਮਾਂ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਰਮਿੰਦਰ ਰੰਮੀ ਬਹੁਤ ਮਿਹਨਤ ਕਰ ਰਹੇ ਹਨ ਅਤੇ ਟੀਮ ਮੈਂਬਰਜ਼ ਨੂੰ ਨਾਲ ਲੈ ਕੇ ਚੱਲਦੇ ਹਨ । ਸ . ਪਿਆਰਾ ਸਿੰਘ ਕੁੱਦੋਵਾਲ ਜੀ ਸਾਰੇ ਪ੍ਰੋਗਰਾਮ ਨੂੰ ਸੱਮਅੱਪ ਵੀ ਕਰਦੇ ਹਨ ਤੇ ਹਾਜ਼ਰੀਨ ਸੱਭ ਮੈਂਬਰਜ਼ ਦਾ ਧੰਨਵਾਦ ਵੀ ਕਰਦੇ ਹਨ ਪਰ ਉਹ ਭਾਰਤ ਗਏ ਹੋਏ ਹਨ , ਉਹਨਾਂ ਨੇ ਪੰਜਵੀਂ ਵਰ੍ਹੇਗੰਢ ਦੀ ਵਧਾਈ ਤੇ ਸ਼ੁੱਭ ਇੱਛਾਵਾਂ ਦਾ ਸੰਦੇਸ਼ ਵੀ ਭੇਜਿਆ । ਇਸ ਲਈ ਇਸ ਜ਼ੁੰਮੇਵਾਰੀ ਨੂੰ ਸੰਸਥਾ ਦੇ ਸੀ . ਮੀਤ ਪ੍ਰਧਾਨ ਅਤੇ ਸਿਰਜਨਾ ਦੇ ਆਰ ਪਾਰ ਪ੍ਰੋਗਰਾਮ ਦੇ ਸੰਚਾਲਕ ਪ੍ਰੋ. ਕੁਲਜੀਤ ਕੌਰ ਜੀ ਨੇ ਨਿਭਾਇਆ । ਉਹਨਾਂ ਸਾਰੇ ਪ੍ਰੋਗਰਾਮ ਨੂੰ ਸਮਅੱਪ ਕੀਤਾ ਅਤੇ ਉਹਨਾਂ ਨੇ ਸਮੁੱਚੇ ਪ੍ਰੋਗਰਾਮ ਉਪਰ ਆਪਣੇ ਪ੍ਰਤੀਕਰਮ ਪੇਸ਼ ਕੀਤੇ।

ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਸਭ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਆਪ ਸੱਭ ਦੇ ਪਿਆਰ , ਸਾਥ ਤੇ ਸਹਿਯੋਗ ਸਦਕਾ ਇਹ ਪ੍ਰੋਗਰਾਮ ਸਫ਼ਲ ਹੋ ਰਹੇ ਹਨ । ਇਸ ਸਫ਼ਲ ਪ੍ਰੋਗ੍ਰਾਮ ਲਈ ਤੇ ਕਾਮਯਾਬੀ ਲਈ ਆਪ ਸੱਭ ਵਧਾਈ ਦੇ ਪਾਤਰ ਹੋ । ਡਾ. ਸਰਬਜੀਤ ਕੌਰ ਸੋਹਲ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਪਰਸਨ ਹਨ ਤੇ ਸੰਸਥਾ ਦੀ ਬੈਕ ਬੋਨ ਹਨ । ਉਹਨਾਂ ਦੇ ਸਹਿਯੋਗ ਬਿਨਾਂ ਵੀ ਅਸੀਂ ਅਧੂਰੇ ਹਾਂ ।ਸ . ਪਿਆਰਾ ਸਿੰਘ ਕੁੱਦੋਵਾਲ , ਸੁਰਜੀਤ ਕੌਰ , ਰਿੰਟੂ ਭਾਟੀਆ , ਪ੍ਰੋ. ਕੁਲਜੀਤ ਕੌਰ ਜੀ , ਡਾ . ਬਲਜੀਤ ਕੌਰ ਰਿਆੜ ਜੀ , ਡਾ . ਅਮਰ ਜੋਤੀ ਮਾਂਗਟ , ਰਾਜਬੀਰ ਕੌਰ ਗਰੇਵਾਲ ਸ਼ੁਰੂ ਤੋਂ ਇਸ ਸੰਸਥਾ ਦਾ ਖ਼ਾਸ ਹਿੱਸਾ ਹਨ ਤੇ ਬਾਕੀ ਪ੍ਰਬੰਧਕੀ ਟੀਮ ਮੈਂਬਰਜ਼ ਵੀ ਪੂਰਾ ਸਹਿਯੋਗ ਕਰ ਰਹੇ ਹਨ । ਹੁਣ ਇਸ ਟੀਮ ਵਿਚ ਸਤਬੀਰ ਸਿੰਘ ਜੀ , ਰਾਜਵੀਰ ਸਿੰਘ ਸੰਧੂ ਤੇ ਹੋਰ ਮੈਂਬਰਜ਼ ਪ੍ਰਬੰਧਕੀ ਟੀਮ ਦਾ ਹਿੱਸਾ ਹਨ । ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ । ਡਾ . ਦਲਬੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਅਤੇ ਸੰਸਥਾ ਦੇ ਚੀਫ਼ ਪੈਟਰਨ ਨੇ ਆਪਣੇ ਕੀਮਤੀ ਰੁਝੇਵਿਆਂ ਵਿੱਚੋਂ ਸਮਾਂ ਨਿਕਾਲ ਕੇ ਪ੍ਰੋਗਰਾਮ ਵਿੱਚ ਆਪਣੀ ਸ਼ਮੂਲੀਅਤ ਕੀਤੀ ਤੇ ਆਪਣੇ ਵਿਚਾਰ ਵੀ ਸਾਂਝੇ ਕੀਤੇ । ਹਰਭਜਨ ਕੌਰ ਗਿੱਲ , ਗੁਰਚਰਨ ਸਿੰਘ ਜੋਗੀ,ਅੰਮ੍ਰਿਤਾ ਦਰਸ਼ਨ , ਜੈਲੀ ਗੇਰਾ , ਦਿਲਪ੍ਰੀਤ ਗੁਰੀ , ਕੁਲਵਿੰਦਰ ਸਿੰਘ ਗਾਖਿਲ , ਸਿੰਗਰ ਮੰਗਤ ਖਾਨ , ਗਿਆਨ ਸਿੰਘ ਘਈ ਅਤੇ ਹੋਰ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਤੇ ਚੈਟ ਬਾਕਸ ਵਿੱਚ ਤੇ ਲਾਈਵ ਪ੍ਰੋਗਰਾਮ ਦੇਖ ਰਹੇ ਦੋਸਤਾਂ ਨੇ ਕਮੈਂਟਸ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਤੇ ਪ੍ਰੋਗਰਾਮ ਦੀ ਸਰਾਹਨਾ ਵੀ ਕੀਤੀ । ਪ੍ਰੋਗਰਾਮ ਦੀ ਰਿਪੋਰਟ ਪ੍ਰੋ ਕੁਲਜੀਤ ਕੌਰ ਸੀ . ਮੀਤ ਪ੍ਰਧਾਨ ਨੇ ਰਮਿੰਦਰ ਰੰਮੀ ਨੂੰ ਸਾਂਝੀ ਕੀਤੀ । ਧੰਨਵਾਦ ਸਹਿਤ । ਆਖੀਰ ਵਿਚ ਰਮਿੰਦਰ ਰੰਮੀ ਨੇ ਇਹ ਕਿਹਾ :-



(ਅਗਰ ਤੁਮ ਨਾ ਹੋਤੇ ਤੋ ਹਮ ਨਾ ਹੋਤੇ)

ਰਮਿੰਦਰ ਰੰਮੀ ਫ਼ਾਊਂਡਰ ਅਤੇ ਪ੍ਰਬੰਧਕ , ਅੰਤਰਰਾਸ਼ਟਰੀ ਸਾਹਿਤਕ ਸਾਂਝਾਂ।

ਢਾਹਾਂ ਕਲੇਰਾਂ ਹਸਪਤਾਲ ਵਿਚ ਲੱਗੇ ਚਮੜੀ ਦੀਆਂ ਬਿਮਾਰੀਆਂ ਦੇ ਮੁਫ਼ਤ ਕੈਂਪ ਦਾ 206 ਮਰੀਜ਼ਾਂ ਲਾਭ ਪ੍ਰਾਪਤ ਕੀਤਾ

ਬੰਗਾ (ਚਰਨਜੀਤ ਸੱਲ੍ਹਾਂ) ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਚਮੜੀ ਦੀਆਂ ਬਿਮਾਰੀਆਂ ਦਾ ਦੂਜਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ , ਜਿਸ ਦਾ 206 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ । ਇਸ ਮੌਕੇ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਇਲਾਕੇ ਦੇ ਲੋੜਵੰਦ ਮਰੀਜ਼ਾਂ ਦੀ ਮਦਦ ਕਰਨ ਲਈ ਮੁਫਤ ਮੈਡੀਕਲ ਕੈਂਪਾਂ ਦੀ ਲੜੀ ਵਿਚ ਚਮੜੀ ਦੀਆਂ ਲੋੜਵੰਦ ਮਰੀਜ਼ਾਂ ਦੀ ਮਦਦ ਕਰਨ ਲਈ ਚਮੜੀ ਦੇ ਰੋਗਾਂ ਦਾ ਦੂਜਾ ਮੁਫਤ ਕੈਂਪ ਲਗਾਇਆ ਗਿਆ ਹੈ। ਇਸ ਮੌਕੇ ਹਸਪਤਾਲ ਦੇ ਚਮੜੀ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਕਰਨ ਛਾਬੜਾ ਐਮ ਡੀ (ਸਕਿਨ) ਵੱਲੋਂ ਕੈਂਪ ਵਿਚ 206 ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਅਤੇ ਮੁਫਤ ਦਵਾਈਆਂ ਪ੍ਰਦਾਨ ਕੀਤੀਆਂ । ਫਰੀ ਕੈਂਪ ਵਿਚ ਡਾ. ਕਰਨ ਛਾਬੜਾ ਨੇ ਮਰੀਜ਼ਾਂ ਨੂੰ ਚਮੜੀ ਦੀਆਂ ਬਿਮਾਰੀਆਂ ਤੋਂ ਬਚਾਅ ਰੱਖਣ ਲਈ ਜਾਗਰੂਕ ਵੀ ਕੀਤਾ। ਇਸ ਮੌਕੇ ਡਾ. ਨਿਤਿਕਾ ਠਾਕਰ ਮੈਡੀਕਲ ਅਫਸਰ, ਮੈਡਮ ਜੋਤੀ ਭਾਟੀਆ, ਸ. ਰਣਜੀਤ ਸਿੰਘ ਮਾਨ, ਸ੍ਰੀ ਵਿਵੇਕ ਅਰੋੜਾ, ਸ੍ਰੀ ਕਰਨ ਸਰਗੰਲ, ਸ੍ਰੀ ਵਿਸ਼ਾਲ ਚੌਧਰੀ, ਸ੍ਰੀ ਰਾਹੁਲ ਵਰਮਾ, ਹਸਪਤਾਲ ਦਾ ਨਰਸਿੰਗ ਅਤੇ ਮੈਡੀਕਲ ਸਟਾਫ ਮੌਜੂਦ ਸੀ ।

ਹਸਪਤਾਲ ਢਾਹਾਂ ਕਲੇਰਾਂ ਵਿਖੇ ਲੱਗੇ ਮੁਫਤ ਚਮੜੀ ਦੇ ਰੋਗਾਂ ਦਾ ਮੁਫਤ ਕੈਂਪ ਵਿਚ ਡਾ . ਕਰਨ ਛਾਬੜਾ ਮਰੀਜ਼ਾਂ ਦੀ ਜਾਂਚ ਮੌਕੇ।

ਬਸਪਾ ਹਲਕਾ ਚੱਬੇਵਾਲ ਦੇ ਪਿੰਡਾਂ ਵਿੱਚ ਯੂਨਿਟਾਂ ਐਡਵੋਕੇਟ ਪਲਵਿੰਦਰ ਮਾਨਾ ਦੀ ਪ੍ਰਧਾਨਗੀ ਹੇਠ ਚੌਣ ਕੀਤੀ ਗਈ

ਚੱਬੇਵਾਲ (ਚਰਨਜੀਤ ਸੱਲ੍ਹਾਂ)ਅੱਜ ਮਿਤੀ 16/11/2025 ਨੂੰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਸੈਕਟਰ ਚਗਰਾਂ ਦੇ ਮਾਨਾ ਦੀ ਪ੍ਰਧਾਨਗੀ ਹੇਠਪਿੰਡ ਚਗਰਾਂ, ਜੱਟਪੁਰ, ਹਰੀਪੁਰ, ਮਹੀਨਾ, ਪੱਟੀ ਤੇ ਬੋਹਣ ਵਿਖੇ ਐਡਵੋਕੇਟ ਪਲਵਿੰਦਰ ਮਾਨਾ ਜੀ ਦੀ ਅਗਵਾਈ ਵਿੱਚ ਬਸਪਾ ਟੀਮ ਵਲੋਂ ਸਾਥੀਆ ਨੂੰ ਮਿਲਿਆ ਗਿਆ ਤੇ ਪੰਜਾਬ ਸੰਭਾਲੋ ਮੁਹਿੰਮ ਦੇ ਦੂਸਰੇ ਪੜਾ ਦੇ ਮਦੇਨਜਰ ਸਾਥੀਆ ਨੂੰ ਮਿਲਕੇ ਪਾਰਟੀ ਦੀ ਚੜ੍ਹਦੀ ਕਲਾ

ਤੇ ਮਜ਼ਬੂਤੀ ਦੇ ਲਈ ਪਿੰਡਾਂ ਦੇ ਵਿੱਚ ਬਸਪਾ ਦਾ ਸੰਗਠਨ / ਯੂਨਿਟ ਬਨਾਉਣ ਸਬੰਧੀ ਵਿਚਾਰ ਕੀਤੇ ਗਏ ਅਤੇ ਪਿੰਡਾਂ ਦੇ ਸਾਥੀਆ ਵਲੋ ਵਿਸ਼ਵਾਸ ਦੁਆਇਆ ਗਿਆ ਕਿ ਜਲਦੀ ਹੀ ਇੱਕ ਦੋ ਦਿਨਾ ਵਿੱਚ ਸਾਰੇ ਪਿੰਡਾਂ ਵਿਚ ਵੱਡੀਆ ਮੀਟਿੰਗਾ ਦਾ ਪਰਬੰਧ ਕਰਕੇ ਬਸਪਾ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਯੂਨਿਟ ਤਿਆਰ ਕੀਤਾ ਜਾਵੇਗਾ।

ਇਸ ਮੌਕੇ ਹਾਜ਼ਰ ਸਾਥੀਆ ਵਿੱਚ ਸੂਬੇਦਾਰ ਹਰਭਜਨ ਸਿੰਘ ਜੀ, ਸਤਪਾਲ ਬਡਲਾ ਜੀ, ਬਾਬੂ ਰੋਸਨ ਲਾਲ ਜੀ, ਸੋਮਨਾਥ ਬੋਹਨ ਜੀ, ਤੇਜ ਪਾਲ, ਬਲਬੀਰ ਚੰਦ, ਜਗਦੀਸ਼, ਰੇਸ਼ਮ ਸਿੰਘ, ਹੰਸ ਰਾਜ, ਜਸਪਾਲ ਸੈਣੀ, ਤੀਰਥ ਰਾਮ ਅਤੇ ਹੋਰ ਵੀ ਸਾਥੀ ਹਾਜ਼ਰ ਸਨ ।

"ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ ਦੇ ਟ੍ਰੇਨਿੰਗ ਕੈਂਪ ਵਿੱਚ ਐਨ ਆਰ ਆਈ ਨੇ ਕੀਤੀ ਸ਼ਿਰਕਤ

ਬੰਗਾ (ਚਰਨਜੀਤ ਸੱਲ੍ਹਾਂ):- "ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ" ਦਾ ਮੁਫ਼ਤ ਟ੍ਰੇਨਿੰਗ ਕੈਂਪ ਪਿੰਡ ਲੰਗੇਰੀ ਵਿਖੇ ਲਗਾਇਆ ਗਿਆ। ਇਸ ਟ੍ਰੇਨਿੰਗ ਕੈਂਪ ਵਿਚ ਸ. ਸੁਰਜੀਤ ਸਿੰਘ ਰਾਏ ਨੈਸ਼ਨਲ ਅਵਾਰਡੀ, ਕੁਦਰਤੀ ਖੇਤੀ ਮਾਹਰ ਅਤੇ ਕੁਦਰਤੀ ਖੇਤੀ ਦੇ ਮਾਸਟਰ ਟ੍ਰੇਨਰ ਨੇ ਅਪਣੇ ਕੁਦਰਤੀ ਖੇਤੀ ਫਾਰਮ ਵਿਖੇ ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ ਦੀ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਕੁਦਰਤੀ ਖੇਤੀ ਦੀ ਮਹੱਤਤਾ ਨੂੰ ਸਮਝਣ ਲਈ ਕਨੇਡਾ ਤੋਂ ਐਨ ਆਰ ਆਈ ਮੈਡਮ ਨਰਿੰਦਰ ਕੌਰ ਅਤੇ ਐਨ ਆਰ ਆਈ ਅਵਤਾਰ ਸਿੰਘ ਸਰਹਾਲਾਂ ਕਲਾਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਉਨ੍ਹਾਂ ਨੇ ਜੀਵ ਅੰਮ੍ਰਿਤ, ਬੀਜ ਅੰਮ੍ਰਿਤ, ਘੱਣ ਜੀਵ ਅੰਮ੍ਰਿਤ, ਗੰਡੋਆ ਦੀ ਖਾਦ ਬਣਾਉਣਾ ਅਤੇ ਫ਼ਸਲਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ

ਪਰਾਲੀ ਨਾਲ ਮਲਚਿੰਗ ਕਰਨਾ, ਹਰਬਲ ਜੜੀ-ਬੂਟਿਆਂ ਅਤੇ ਪੌਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਵੀ ਪ੍ਰਾਪਤ ਕੀਤੀ। ਸ ਸੁਰਜੀਤ ਸਿੰਘ ਨੇ ਕਨੇਡਾ ਤੋਂ ਆਏ ਐਨ ਆਰ ਆਈ ਕਿਸਾਨ ਜੋੜੇ ਨੂੰ ਆਪਣੇ ਹੀ ਖੇਤ ਵਿੱਚ ਹਰੇਕ ਫਸਲ ਤੋਂ ਵਧੀਆਂ ਅਤੇ ਸਿਹਤਮੰਦ ਅਤੇ ਦੇਸੀ ਤਰੀਕੇ ਨਾਲ ਬੀਜ ਤਿਆਰ ਕਰਨ ਦੀ ਟ੍ਰੇਨਿੰਗ ਦਿੱਤੀ। ਟ੍ਰੇਨਿੰਗ ਕੈਂਪ ਦੌਰਾਨ ਸੁਰਜੀਤ ਸਿੰਘ ਰਾਏ ਨੇ ਉਨ੍ਹਾਂ ਨੂੰ ਫੁੱਲਦਾਰ, ਫਲਦਾਰ, ਛਾਂਦਾਰ ਅਤੇ ਹਰਬਲ ਬੂਟਿਆਂ ਦੀ ਜਾਣਕਾਰੀ ਵੀ ਦਿੱਤੀ। ਉਹਨਾਂ ਕਿਹਾ ਕਿ ਸਾਡੇ ਦੇਸ਼ ਦੇ ਵਾਤਾਵਰਣ ਨੂੰ ਬਚਾਉਣ ਲਈ ਪੌਦੇ ਲਗਾਉਣੇ ਬਹੁਤ ਜਰੂਰੀ ਹਨ। ਉਨਾਂ ਬੂਟਿਆਂ ਦੀ ਸਾਂਭ ਸੰਭਾਲ ਤੇ ਦੀ ਜੋਰ ਦਿੱਤਾ। ਕੈਂਪ ਵਿਚ ਆਏ ਐਨ ਆਰ ਆਈ ਕਿਸਾਨ ਜੋੜੇ ਨੇ "ਕੁਦਰਤੀ ਖੇਤੀ" ਤੋਂ ਪ੍ਰਭਾਵਿਤ ਹੋ ਕੇ ਪ੍ਰਣ ਕੀਤਾ ਕਿ ਉਹ 3 ਤੋਂ 4 ਖੇਤਾਂ ਦੇ ਰਕਬੇ ਵਿੱਚ ਕੁਦਰਤੀ ਖੇਤੀ ਦੀ ਕਾਸ਼ਤ ਕਰਨਗੇ ਅਤੇ ਰਸਾਇਣਕ ਖੇਤੀ ਤੋਂ ਛੁਟਕਾਰਾ ਪਾਉਣਗੇ। ਹੌਲੀ ਹੌਲੀ ਉਹ ਕੁਦਰਤੀ ਖੇਤੀ ਦੇ ਰਕਬੇ ਨੂੰ ਹੋਰ ਵਧਾਉਣਗੇ। ਉਨ੍ਹਾਂ ਵਿਸ਼ਵਾਸ਼ ਦੁਆਇਆ ਕਿ ਉਹ ਹੁਣ ਪਰਾਲੀ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਕਦੇ ਵੀ ਅੱਗ ਨਹੀਂ ਲਗਾਉਣਗੇ । ਉਨਾਂ ਵਾਅਦਾ ਕੀਤਾ ਕਿ ਉਹ ਕੁਦਰਤੀ ਖੇਤੀ ਨੂੰ ਅਪਣਾ ਕੇ ਹਵਾ, ਮਿੱਟੀ ਅਤੇ ਪਾਣੀ ਨੂੰ ਬਚਾਉਣ ਲਈ ਹੋਰ ਲੋਕਾਂ ਨੂੰ ਵੀ ਜਾਗਰੂਕ ਕਰਨਗੇ। ਇਸ ਮੌਕੇ ਸੁਖਪ੍ਰੀਤ ਸਿੰਘ, ਬਾਬਾ ਗੁਰਦੀਪ ਸਿੰਘ ਰਾਏ, ਜੈਸਮੀਨ ਕੌਰ, ਰਘੁਵੀਰ ਸਿੰਘ, ਡਰਾਈਵਰ ਸੰਦੀਪ ਸਿੰਘ ਆਦਿ ਵੀ ਹਾਜਰ ਸਨ।

ਜਨਮ ਦਿਨ ਮੁਬਾਰਕ

ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ ਕਰਨਵੀਰ ਬਾਂਠ ਮਾਤਾ ਮਸਤਾ ਕੁਮਾਰੀ ਬਾਂਠ ਪਿਤਾ ਵਾਸਦੇਵ ਬਾਂਠ ਬਲਾਚੌਰ ਫੋਟੋ ਦਾ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਚ ਲੈਸਟਰ ਚ ਵਿਸ਼ਾਲ ਨਗਰ ਕੀਰਤਨ

ਵੱਡੀ ਗਿਣਤੀ ਚ ਸੰਗਤਾਂ ਨੇ ਕੀਤੀ ਸ਼ਮੂਲੀਅਤ

ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ ਅਤੇ ਪਾਲਕੀ ਸਾਹਿਬ ਨਾਲ ਚੱਲ ਰਹੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਆਗੂ। ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਸ਼ਹਿਰ ਲੈਸਟਰ ਵਿਖੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਦੇ ਸਬੰਧ ਚ ਵਿਸਾਲ ਨਗਰ ਕੀਰਤਨ ਸਜਾਇਆ ਗਿਆ। ਪੰਜ ਪਿਆਰਿਆਂ ਦੀ ਅਗਵਾਈ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕ ਤੋਂ ਆਰੰਭ ਹੋਏ ਇਸ ਨਗਰ ਕੀਰਤਨ ਦਾ ਸੰਗਤਾ ਵੱਲੋ ਰਸਤੇ ਚ ਭਰਵਾਂ ਸਵਾਗਤ ਕੀਤਾ ਗਿਆ! ਨਗਰ ਕੀਰਤਨ ਲੈਸਟਰ ਦੇ ਵੱਖ ਵੱਖ ਰਸਤਿਆਂ ਰਾਹੀਂ ਅਤੇ ਟਾਉਨ ਸੈਂਟਰ ਰਾਹੀਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਵਿਖੇ ਸਮਾਪਤ ਹੋਇਆ । ਨਗਰ ਕੀਰਤਨ ਦੌਰਾਨ ਲੈਸਟਰ ਦੀਆਂ ਸੰਗਤਾਂ ਵੱਲੋਂ ਰਸਤੇ ਚ ਥਾਂ ਥਾਂ ਤੇ ਵੱਖ ਵੱਖ ਪ੍ਰਕਾਰ ਦੇ ਅਨੇਕਾਂ ਲੰਗਰਾਂ ਦੇ ਸਟਾਰ ਲਗਾਏ ਗਏ।ਇਸ ਨਗਰ ਕੀਰਤਨ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਸਮੇਤ ਯੂਰਪ ਅਤੇ ਅਮਰੀਕਾ ਕਨੇਡਾ ਤੋਂ ਵੱਡੀ ਗਿਣਤੀ ਚ ਸੰਗਤਾਂ ਨੇ ਸ਼ਿਰਕਤ ਕੀਤੀ। ਨਗਰ ਕੀਰਤਨ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਮੁੱਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ ਅਤੇ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਗਏ ਰਸਤੇ ਤੇ ਚਲਦਿਆਂ ਹਰੇਕ ਪ੍ਰਾਣੀ ਨੂੰ ਅੰਮ੍ਰਿਤ ਛੱਕ ਕੇ ਗੁਰੂ ਲੜ ਲੱਗਣਾ ਚਾਹੀਦਾ ਹੈ। ਨਗਰ ਕੀਰਤਨ ਦੌਰਾਨ ਗੋਦਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ ਮੀਤ ਪ੍ਰਧਾਨ ਸੁਖਜਿੰਦਰ ਸਿੰਘ, ਸਟੇਜ ਸਕੱਤਰ ਮੁਖਤਿਆਰ ਸਿੰਘ,ਸਿੱਖ ਫੈਡਰੇਸ਼ਨ ਯੂ ਕੇ ਦੇ ਆਗੂ ਕੁਲਦੀਪ ਸਿੰਘ ਛਹੇੜੂ, ਸੁਖਵਿੰਦਰ ਸਿੰਘ ਸੋਖਾ ਢੇਸੀ, ਲਖਵਿੰਦਰ ਸਿੰਘ ਜੋਹਲ, ਸੁਰਿੰਦਰਬੀਰ ਸਿੰਘ ਭਾਊ, ਅਕਾਲੀ ਆਗੂ ਮੁਖਤਿਆਰ ਸਿੰਘ ਝੰਡੇਰ, ਬਲਬੀਰ ਸਿੰਘ, ਕੌਂਸਲਰ ਮਨਜੀਤ ਕੌਰ, ਕੌਂਸਲਰ ਸੰਤੋਖ ਸਿੰਘ ਅਟਵਾਲ, ਸੁਰਿੰਦਰਪਾਲ ਸਿੰਘ, ਸਰਬਜੀਤ ਸਿੰਘ ਸਾਬੀ ਚਾਹਲ ਸਮੇਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਬੰਧਕ ਕਮੇਟੀ, ਗੁਰਦੁਆਰਾਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਓਡਬੀ ਦੀ ਪ੍ਰਬੰਧਕ ਕਮੇਟੀ ਦੇ ਆਗੂਆਂ ਸਮੇਤ ਹਜ਼ਾਰਾਂ ਦੀ ਤਾਦਾਦ ਚ ਸੰਗਤਾਂ ਨੇ ਨਗਰ ਕੀਰਤਨ ਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਜੂਰੀ ਰਾਗੀ ਭਾਈ ਜਸਵਿੰਦਰ ਸਿੰਘ ਦੇ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸੇ ਤਰ੍ਹਾਂ ਰਸਤੇ ਚ ਮਾਨ ਮੋਟਰਜ ਤੇ ਕਵੀਸਰੀ ਦਰਬਾਰ ਸਜਾਇਆ ਗਿਆ, ਜਿੱਥੇ ਕਵੀਸ਼ਰੀ ਜਥੇ ਵੱਲੋਂ ਇਸ ਟੂ ਇਸਰੀ ਵਾਰਾ ਰਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਚਾਨਣਾ ਪਾਇਆ।

ਸਮਾਜ ਵੀਕਲੀ ਨਿਊਜ਼

ਨਿਸਾਨ ਮੋਟਰ ਇੰਡੀਆ ਨੇ 'ਨਿਸਾਨ ਲਿਟਲ ਚੈਂਪਸ' ਨਾਲ ਬਾਲ ਦਿਵਸ ਮਨਾਇਆ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਬਾਲ ਦਿਵਸ ਦੇ ਮੌਕੇ 'ਤੇ, ਨਿਸਾਨ ਮੋਟਰ ਇੰਡੀਆ ਨੇ ਦੇਸ਼ ਭਰ ਵਿੱਚ 'ਨਿਸਾਨ ਲਿਟਲ ਚੈਂਪਸ' ਨਾਮਕ ਇੱਕ ਵਿਲੱਖਣ ਦੇਸ਼ ਵਿਆਪੀ ਪਹਿਲਕਦਮੀ ਦਾ ਆਯੋਜਨ ਕੀਤਾ। ਇਹ ਇੰਟਰਐਕਟਿਵ, ਵਿਦਿਅਕ ਅਤੇ ਮਜ਼ੇਦਾਰ ਸਮਾਗਮ ਪੂਰੇ ਭਾਰਤ ਵਿੱਚ ਨਿਸਾਨ ਸੇਵਾ ਕੇਂਦਰਾਂ ਵਿੱਚ ਆਯੋਜਿਤ ਕੀਤਾ ਗਿਆ ਸੀ। ਨਿਸਾਨ ਦੇ ਮੌਜੂਦਾ ਗਾਹਕਾਂ ਦੇ ਬੱਚਿਆਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇੱਥੇ ਉਸ ਨੂੰ ਆਟੋਮੋਬਾਈਲਜ਼ ਦੀ ਦੁਨੀਆ ਨੂੰ ਅੰਦਰੋਂ ਦੇਖਣ ਅਤੇ ਕਾਰਾਂ ਬਾਰੇ ਸਧਾਰਨ ਅਤੇ ਦਿਲਚਸਪ ਤਰੀਕੇ ਨਾਲ ਜਾਣਨ ਦਾ ਮੌਕਾ ਮਿਲਿਆ। ਸਮਾਗਮ ਦਾ ਉਦੇਸ਼ ਉਤਸੁਕਤਾ ਨੂੰ ਵਧਾਉਣਾ ਅਤੇ ਅਗਲੀ ਪੀੜ੍ਹੀ ਨੂੰ ਆਟੋਮੋਟਿਵ ਦੀ ਦੁਨੀਆ ਵਿੱਚ ਦਿਲਚਸਪੀ ਲੈਣ ਲਈ ਉਤਸ਼ਾਹਿਤ ਕਰਨਾ ਸੀ। ਇਸ ਵਿੱਚ ਦੇਸ਼ ਭਰ ਦੇ ਨਿਸਾਨ ਪਰਿਵਾਰਾਂ ਦੇ 1,304 ਬੱਚਿਆਂ ਨੇ ਭਾਗ ਲਿਆ। ਵਿਸ਼ੇਸ਼ ਤੌਰ 'ਤੇ 10 ਤੋਂ 15 ਸਾਲ ਦੇ ਬੱਚਿਆਂ ਲਈ ਸੈਸ਼ਨ ਆਯੋਜਿਤ ਕੀਤੇ ਗਏ ਸਨ। ਇਸ ਪਹਿਲਕਦਮੀ ਬਾਰੇ, ਨਿਸਾਨ ਮੋਟਰ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੌਰਭ ਵਤਸ ਨੇ ਕਿਹਾ, 'ਸਾਡੀਆਂ ਵੱਖ-ਵੱਖ ਡੀਲਰਸ਼ਿਪਾਂ 'ਤੇ 'ਨਿਸਾਨ

ਲਿਟਲ ਚੈਂਪਸ' ਪਹਿਲਕਦਮੀ ਖਾਸ ਤੌਰ 'ਤੇ ਉਨ੍ਹਾਂ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਹੈ ਜੋ ਕਾਰਾਂ ਦੇ ਸ਼ੌਕੀਨ ਹਨ। ਇਸ ਦੇ ਜ਼ਰੀਏ, ਉਨ੍ਹਾਂ ਨੂੰ ਸਾਡੇ ਸ਼ੋਅਰੂਮ ਅਤੇ ਵਰਕਸ਼ਾਪ ਟੀਮ ਦੇ ਮਾਰਗਦਰਸ਼ਨ ਵਿੱਚ ਨਿਸਾਨ ਕਾਰਾਂ ਦੀ ਦੁਨੀਆ ਨੂੰ ਇੱਕ ਸੁਰੱਖਿਅਤ ਅਤੇ ਹੱਥੀਂ ਅਨੁਭਵ ਵਿੱਚ ਨੇੜਿਓਂ ਦੇਖਣ ਦਾ ਮੌਕਾ ਮਿਲਿਆ। ਪ੍ਰੋਗਰਾਮ ਦੇ ਤਿੰਨ ਇੰਟਰਐਕਟਿਵ ਸੈਸ਼ਨ ਸਨ - ਸੈਸ਼ਨ 1: 'ਕੀ ਤੁਸੀਂ ਜਾਣਦੇ ਹੋ?' - ਕਾਰ ਦੀਆਂ ਮੂਲ ਗੱਲਾਂ ਬਾਰੇ ਜਾਣਕਾਰੀ, ਸੈਸ਼ਨ 2: 'ਆਪਣੇ ਨਿਸਾਨ ਨੂੰ ਜਾਣੋ' - ਬ੍ਰਾਂਡ ਨਾਲ ਸਬੰਧਤ ਜਾਣਕਾਰੀ ਅਤੇ ਸੈਸ਼ਨ 3: 'ਵਾਕ ਅਰਾਉਂਡ' - ਨਿਸਾਨ ਸੇਵਾ ਦੀ ਦੁਨੀਆ ਨੂੰ ਜਾਣਨ ਦਾ ਮੌਕਾ।

ਸ਼੍ਰੀਮਤੀ ਸੁਜਾਤਾ ਸੱਲ੍ਹਣ ਅਤੇ ਸ਼੍ਰੀ ਮਹਿੰਦਰ ਸੱਲ੍ਹਣ ਨੇ ਪੱਛਮੀ ਲੰਡਨ ਬੁੱਧ ਵਿਹਾਰ, ਸਾਊਥਹਾਲ, ਲੰਡਨ ਦਾ ਦੌਰਾ ਕੀਤਾ

ਸਾਊਥਹਾਲ। ਸ਼੍ਰੀਮਤੀ ਸੁਜਾਤਾ ਸੱਲ੍ਹਣ ਸਪੁੱਤਰੀ ਪ੍ਰਸਿੱਧ ਅੰਬੇਡਕਰਵਾਦੀ, ਮਹਾਨ ਚਿੰਤਕ, ਅੰਤਰਰਾਸ਼ਟਰੀ ਬੁੱਧੀਜੀਵੀ, ਨਿਡਰ ਬੁਲਾਰਾ, ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਸੰਸਥਾਪਕ ਟਰੱਸਟੀ, ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਸੰਸਥਾਪਕ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.ਸਪੁੱਤਰੀ) ਦੇ ਪੁਨਰ ਸੁਰਜੀਤੀਵਾਦੀ ਅਤੇ ਭੀਮ ਪੱਤ੍ਰਿਕਾ ਅਖਬਾਰ ਦੇ ਮੁੱਖ ਸੰਪਾਦਕ, ਮਾਨਯੋਗ ਐਲਆਰ ਬਾਲੀ ਜੀ ਨੇ 16 ਨਵੰਬਰ, 2025 ਨੂੰ ਆਪਣੇ ਪਤੀ ਸ਼੍ਰੀ ਮਹਿੰਦਰ ਸੱਲ੍ਹਣ ਨਾਲ ਪੱਛਮੀ ਲੰਡਨ ਬੁੱਧ ਵਿਹਾਰ, ਸਾਊਥਹਾਲ ਦਾ ਦੌਰਾ ਕੀਤਾ. ਬੁੱਧ ਧੰਮ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਸ਼੍ਰੀ ਸੀ. ਗੌਤਮ, ਡਾ. ਜਗਦੀਸ਼ ਗਾਵਰੇ, ਡਾ. ਹਰਬੰਸ ਵਿਰਦੀ ਅਤੇ ਵੱਡੀ ਗਿਣਤੀ ਵਿੱਚ ਹੋਰ ਬੋਧੀ ਅਤੇ ਅੰਬੇਡਕਰਵਾਦੀ ਦੋਸਤਾਂ ਨੇ ਇੱਕ ਵਿਸ਼ੇਸ਼ ਇਕੱਠ ਵਿੱਚ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਸਨਮਾਨ ਕੀਤਾ। ਸ਼੍ਰੀਮਤੀ ਸੁਜਾਤਾ ਸੱਲ੍ਹਣ ਅਤੇ ਉਨ੍ਹਾਂ ਦੇ ਪਤੀ ਸ਼੍ਰੀ ਮਹਿੰਦਰ ਸੱਲ੍ਹਣ ਜਨਮ ਤੋਂ ਹੀ ਅੰਬੇਡਕਰਵਾਦੀ ਅਤੇ ਬੋਧੀ ਹਨ ਅਤੇ 'ਧੰਮਾ ਵੇਵਜ਼' ਦੇ ਸੰਸਥਾਪਕ ਮੈਂਬਰ ਵੀ ਹਨ ਜੋ ਧੰਮ ਫੈਲਾਉਣ ਦੇ ਕੰਮ ਵਿੱਚ ਲੱਗੇ ਹੋਏ ਹਨ।

ਸਮਾਜ ਵੀਕਲੀ ਨਿਊਜ

ਭਿਖੂ ਸੰਘ ਦੁਆਰਾ ਸਮਰਾਟ ਅਸ਼ੋਕ ਪਬਲਿਕ ਸਕੂਲ, ਨਕੋਦਰ ਵਿਖੇ ਫੇਰੀ - ਦੀਵਾਨ ਮਹਿੰਦਰਾ ਯੂਕੇ ਨੇ 12 ਲੱਖ ਰੁਪਏ ਦਾ ਕੀਤਾ ਦਾਨ

ਜੈ ਭੀਮ ਨਮੋ ਬੁੱਧਾਏ

ਮਿਤੀ 16 ਨਵੰਬਰ 2025 ਐਤਵਾਰ ਵਾਲੇ ਦਿਨ ਭੰਤੇ ਪ੍ਰਗਿਆ ਕੀਰਤੀ ਜੀ ਜਬਲਪੁਰ, ਮੱਧ ਪ੍ਰਦੇਸ਼ ਤੇ ਭਿਖਸ਼ੂਣੀ ਸੁਮਿਤਾ ਜੀ ਅਤੇ ਉਪਾਸਕਾ ਰਾਮ ਰਤੀ ਜੀ ਅਮੇਠੀ ਤੋਂ ਖਾਸ ਤੌਰ ਤੇ ਬੋਧੀਸਤਵ ਡਾਕਟਰ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਵੱਲੋਂ ਬਣਾਏ ਜਾ ਰਹੇ ਸਮਰਾਟ ਅਸ਼ੋਕ ਪਬਲਿਕ ਸਕੂਲ, ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ, ਜਿਲ੍ਹਾ ਜਲੰਦਰ ਵਿਖੇ ਆਪਣੀ ਫੇਰੀ ਪਾਈ। ਬਣ ਰਹੇ ਸਕੂਲ ਦੀ ਜਗ੍ਹਾ ਨੂੰ ਦੇਖਦੇ ਹੋਏ ਉਹਨਾਂ ਨੇ ਆਪਣੀਆਂ ਮੰਗਲ ਕਾਮਨਾਵਾਂ ਦਿੰਦੇ ਹੋਏ ਉਪਾਸਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਅਤੇ ਐਜੂਕੇਸ਼ਨ ਦਾ ਮਹੱਤਵ ਸਮਝਾਇਆ। ਜਦੋਂ ਸਕੂਲ ਵਾਸਤੇ ਦਿੱਤੀ ਜਗ੍ਹਾ ਬਾਰੇ ਉਹਨਾਂ ਨੂੰ ਇਹ ਦੱਸਿਆ ਗਿਆ ਕਿ ਚੌਧਰੀ ਫਕੀਰ ਚੰਦ ਦੇ ਬੇਟਿਆਂ ਅਤੇ ਪੂਰੇ ਪਰਿਵਾਰ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਦਾਨ ਕੀਤੀ ਗਈ ਜਗ੍ਹਾ ਹੈ ਤਾਂ ਉਹ ਸੁਣ ਕੇ ਬਹੁਤ ਖੁਸ਼ ਹੋਏ। ਇਥੇ ਇਹ ਵੀ ਦਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਕੂਲ ਦੀ ਉਸਾਰੀ ਦਾ ਕੰਮ ਵੀ ਜਲਦੀ ਹੀ ਸ਼ੁਰੂ ਕੀਤਾ ਜਾ ਰਿਹਾ ਹੈ. ਇਸ ਸ਼ੁਭ ਕੰਮ ਲਈ ਯੂਕੇ ਤੋਂ ਮਸ਼ਹੂਰ ਸਿੰਗਰ ਸ਼੍ਰੀ ਦੀਵਾਨ ਮਹਿੰਦਰਾ ਜੀ ਨੇ 12 ਲੱਖ ਰੁਪਏ ਦੀ ਧੰਨ ਰਾਸ਼ੀ

ਸਮਾਜ ਵੀਕਲੀ ਨਿਊਜ

ਦਾ ਦਾਨ ਕੀਤਾ ਹੈ. ਇਸ ਲਈ ਸਮਰਾਟ ਅਸ਼ੋਕ ਪਬਲਕਿ ਸਕੂਲ, ਨਕੋਦਰ ਦੀ ਕਮੇਟੀ ਸ਼੍ਰੀ ਦੀਵਾਨ ਮਹਿੰਦਰਾ ਜੀ ਦਾ ਬਹੁਤ ਧਨਵਾਦੀ ਹੈ ਅਤੇ ਹੋਰ ਸਾਰੇ ਸਾਥੀਆਂ ਨੂੰ ਵੀ ਸਕੂਲ ਦੇ ਇਸ ਪ੍ਰਾਜੈਕਟ ਲਈ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਕੀਤੀ ਜਾਂਦੀ ਹੈ।

ਭੰਤੇ ਜੀ ਦੀ ਇਸ ਫੇਰੀ ਸਮੇਂ ਉਹਨਾਂ ਦੇ ਨਾਲ ਪਰਸ਼ੋਤਮ ਲਾਲ ਚੰਦਰ, ਸੁਰਿੰਦਰ ਕੁਮਾਰ, ਡਾਕਟਰ ਜਸਪਾਲ (ਪੀ ਐਚ ਡੀ) ਸ਼੍ਰੀ ਬਾਰੂਰਾਮ ਜੀ ਬਲਬੀਰ ਪਾਲ ਚੰਦਰ ਰਿਟਾਇਰਡ (ਏ ਐਸ ਆਈ) ਸੁਨੀਲ ਕੁਮਾਰ ਸ਼ੀਲਾ ਹੁਣਾਂ ਨੇ ਇਸ ਪੂਰੇ ਸਕੂਲ ਦੀ ਜਗ੍ਹਾ ਨੂੰ ਅੰਦਰ ਘੁੰਮ ਕੇ ਦਿਖਾਇਆ। ਉਸ ਤੋਂ ਬਾਅਦ ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਵਿੱਚ ਬਣ ਰਹੇ ਜੇਤਵਨ ਬੁੱਧ ਬਿਹਾਰ ਵਿੱਚ ਵੀ ਆਪਣੇ ਚਰਨ ਪਾਏ ਅਤੇ ਉਨਾਂ ਨੇ ਉਪਾਸਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਉਪਰਾਂਤ ਸ਼੍ਰੀ ਲਾਲ ਚੰਦ ਚੰਦਰ ਅਤੇ ਦਵਿੰਦਰ ਚੰਦਰ ਜੀ ਦੇ ਘਰ ਆਣ ਕੇ ਵੀ ਆਪਣੀ ਖੁਸ਼ੀ ਜਾਹਿਰ ਕੀਤੀ। ਸੁਰਿੰਦਰ ਕੁਮਾਰ ਵੱਲੋਂ ਭੰਤੇ ਜੀ ਅਤੇ ਉਪਾਸਕਾਂ ਨੂੰ ਚਾਹ ਦਾ ਸੇਵਨ ਕਰਵਾਇਆ ਗਿਆ ਬਾਅਦ ਵਿੱਚ ਭੰਤੇ ਵਾਪਸ ਅਸ਼ੋਕਾ ਬੁੱਧ ਬਿਹਾਰ ਮੁਹੱਲਾ ਰਵਿਦਾਸ ਪੁਰ ਵਿਖੇ ਚਲੇ ਗਏ।

-ਪਰਸ਼ੋਤਮ ਲਾਲ ਚੰਦਰ

ਸੋਸ਼ਲ ਮੀਡੀਆ ਦੇ ਪ੍ਰੇਮ ਵਿਆਹ

ਅੱਜ ਕੱਲ੍ਹ ਪੂਰੇ ਦੇਸ਼ ਭਰ ਵਿੱਚ, ਘਰ ਘਰ ਵਿੱਚ, ਸੋਸ਼ਲ ਮੀਡੀਆ ਤੇ, ਅਖ਼ਬਾਰਾਂ ਰਸਾਲਿਆਂ ਵਿੱਚ ਅਤੇ ਇਲੈਕਟ੍ਰਾਨਿਕ ਮੀਡੀਆ ਦੀਆਂ ਖਬਰਾਂ ਵਿੱਚ ਸੁਰਖੀਆਂ ਬਟੋਰਨ ਵਾਲਾ ਮਸਲਾ ਸਰਬਜੀਤ ਕੌਰ ਨਾਂ ਦੀ ਬਜ਼ੁਰਗ ਔਰਤ ਦਾ ਹੈ ਜੋ ਪਾਕਿਸਤਾਨ ਵਿੱਚ ਜਾ ਕੇ ਨਾਸਿਰ ਹੁਸੈਨ ਨਾਮ ਦੇ ਵਿਅਕਤੀ ਨਾਲ਼ ਨਿਕਾਹ ਕਰਵਾ ਕੇ ਨੂਰ ਹੁਸੈਨ ਬਣ ਗਈ ਹੈ। ਉਸ ਨੇ ਧਰਮ ਬਦਲ ਕੇ ਧਰਮ ਅਤੇ ਪੰਜਾਬੀਅਤ ਨੂੰ ਸ਼ਰਮਸਾਰ ਕੀਤਾ ਹੈ। ਇਹੋ ਜਿਹੇ ਲੋਕਾਂ ਨੂੰ ਨਾ ਆਪਣੇ ਅਗਲਿਆਂ ਪਿਛਲਿਆਂ ਦੀ ਕੋਈ ਪ੍ਰਵਾਹ ਹੁੰਦੀ ਹੈ ਤੇ ਨਾ ਹੀ ਉਹਨਾਂ ਧਾਰਮਿਕ ਸੰਸਥਾਵਾਂ ਦੀ ਜਿਨ੍ਹਾਂ ਦਾ ਸਹਾਰਾ ਲੈ ਕੇ ਆਪਣਾ ਸਵਾਰਥ ਸਿੱਧ ਕਰਦੇ ਹਨ। ਇਹੋ ਜਿਹੇ ਲੋਕਾਂ ਲਈ ਸਰਕਾਰਾਂ ਵੱਲੋਂ ਕੋਈ ਰਹਿਮ ਦੀ ਖੈਰ ਝੋਲ਼ੀ ਨਹੀਂ ਪਾਉਣੀ ਚਾਹੀਦੀ। ਇਹੋ ਜਿਹੇ ਲੋਕ ਜਿੱਥੇ ਸਾਡੇ ਸਮਾਜ ਨੂੰ ਕਲੰਕਿਤ ਕਰਦੇ ਹਨ ਉੱਥੇ ਹੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਰਾਹ ਭਟਕਾਉਣ ਦਾ ਕੰਮ ਕਰਦੇ ਹਨ। ਇਹੋ ਜਿਹੇ ਲੋਕਾਂ ਦੀਆਂ ਕਰਤੂਤਾਂ ਵੇਖ ਕੇ ਹੋਰ ਲੋਕਾਂ ਦੇ ਹੌਸਲੇ ਵੀ ਖੁੱਲ੍ਹਦੇ ਹਨ। ਜੇ ਦੇਖਿਆ ਜਾਵੇ ਤਾਂ ਸੋਸ਼ਲ ਮੀਡੀਆ ਦਾ ਇਹੋ ਜਿਹੀਆਂ ਘਟਨਾਵਾਂ ਵਿੱਚ ਬਹੁਤ ਅਹਿਮ ਰੋਲ ਹੈ। ਇਸ ਤੋਂ ਪਹਿਲਾਂ ਵੀ ਇਹੋ ਜਿਹੀਆਂ ਘਟਨਾਵਾਂ ਵਿੱਚ ਸੋਸ਼ਲ ਮੀਡੀਆ ਦਾ ਵੱਡਾ ਯੋਗਦਾਨ ਰਿਹਾ ਹੈ। ਇੱਥੋਂ ਤੱਕ ਕਿ ਸੋਸ਼ਲ ਮੀਡੀਆ ਰਾਹੀਂ ਹੀ ਪਾਕਿਸਤਾਨੀ ਉੱਚ ਅਧਿਕਾਰੀਆਂ ਨਾਲ ਸੰਪਰਕ ਵਿੱਚ ਆਈ ਆਮ ਜਿਹੇ ਘਰ ਦੀ ਲੜਕੀ ਜੋਤੀ ਵੀ ਇੱਕ ਹੈ ਜੋ ਅੱਜ ਕੱਲ੍ਹ ਜਾਸੂਸੀ ਦੇ ਕੇਸ ਤਹਿਤ ਸਲਾਖਾਂ ਪਿੱਛੇ ਹੈ।

ਸਭ ਤੋਂ ਪਹਿਲਾਂ ਪਾਕਿਸਤਾਨ ਤੋਂ ਆਪਣੇ ਪਿਆਰ ਲਈ ਭਾਰਤ ਆਈ ਚਾਰ ਬੱਚਿਆਂ ਦੀ ਮਾਂ ਸੀਮਾ ਹੈਦਰ ਤੇ ਉਸ ਦੇ ਪ੍ਰੇਮੀ ਸਚਿਨ ਦੋਵਾਂ ਦੀਆਂ ਰੋਮਾਂਟਿਕ ਵੀਡੀਓਜ਼ ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਹਨ। ਸੀਮਾ ਹੈਦਰ ਦੀ ਲੋਕਪ੍ਰਿਅਤਾ ਦਿਨੋ-ਦਿਨ ਵਧਦੀ ਗਈ। ਉਸ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਫਾਲੋਅਰਜ਼ ਤੇਜ਼ੀ ਨਾਲ ਵੱਧਣ ਲੱਗੇ। ਸੀਮਾ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਸਚਿਨ ਨਾਲ ਬਣਾਈਆਂ ਰੋਮਾਂਟਿਕ ਵੀਡੀਓ ਕਾਫੀ ਵਾਇਰਲ ਹੋਣ ਲੱਗੀਆਂ। ਇਹ ਘਟਨਾ ਜ਼ੋਰਾਂ ਸ਼ੋਰਾਂ ਤੇ ਸੋਸ਼ਲ ਮੀਡੀਆ ਉੱਤੇ ਮਨੋਰੰਜਨ ਦੇ ਸਾਧਨ ਵਜੋਂ ਹਜੇ ਖ਼ੂਬ ਚਰਚਾ ਵਿੱਚ ਹੀ ਸੀ ਕਿ ਇੱਕ ਹੋਰ ਨੇ ਚੰਨ ਚਾੜ੍ਹ ਦਿੱਤਾ। ਉਸ ਤੋਂ ਬਾਅਦ ਵਿਆਹੁਤਾ ਭਾਰਤੀ ਔਰਤ ਅੰਜੂ ਨੇ ਪਾਕਿਸਤਾਨ ਵਿੱਚ ਫੇਸਬੁੱਕ ਦੋਸਤ ਨਾਲ ਵਿਆਹ ਕਰਵਾਇਆ। ਇਹ ਮਾਮਲਾ ਸੀਮਾ ਹੈਦਰ ਤੋਂ ਵੀ ਦਿਲਚਸਪ ਹੈ।ਰਾਜਸਥਾਨ ਦੇ ਭਿਵਾੜੀ 'ਚ ਆਪਣੇ ਪਤੀ ਅਤੇ ਦੋ ਬੱਚਿਆਂ ਨੂੰ ਛੱਡ ਕੇ ਅੰਜੂ ਫੇਸਬੁੱਕ 'ਤੇ ਆਪਣੇ ਪ੍ਰੇਮੀ ਨਸਰੁੱਲਾ ਨੂੰ ਮਿਲਣ ਪਾਕਿ-ਸਤਾਨ ਪਹੁੰਚ ਗਈ ਅਤੇ ਵਿਆਹ ਕਰਵਾ ਲਿਆ। ਇੰਨਾ ਹੀ ਨਹੀਂ ਇਸਲਾਮ ਧਰਮ ਅਪਣਾਉਣ ਤੋਂ ਬਾਅਦ ਉਸ ਨੇ ਆਪਣਾ ਨਾਂ ਫਾਤਿਮਾ ਰੱਖਿਆ ਹੈ।ਉਸ ਤੋਂ ਬਾਅਦ ਨਸਰੁੱਲਾ ਅਤੇ ਅੰਜੂ ਦੋਵੇਂ ਸਖ਼ਤ ਸੁਰੱਖਿਆ ਵਿਚਕਾਰ ਸੈਰ ਲਈ ਨਿਕਲੇ ਸਨ। ਉਹਨਾਂ ਦੀਆਂ ਘੁੰਮਦਿਆਂ ਫਿਰਦਿਆਂ ਦੀਆਂ ਫੋਟੋਆਂ ਅਤੇ ਵੀਡੀਓਜ਼ ਹਰ ਤਰ੍ਹਾਂ ਦੇ ਮੀਡੀਆ ਵਿੱਚ ਖ਼ੂਬ ਘੁੰਮਣ ਲੱਗੀਆਂ। ਏਧਰ ਕਦੇ ਉਸ ਦੇ ਪਤੀ ,ਕਦੇ ਭਰਾ ਤੇ ਕਦੇ ਪਿਉ ਕੋਲ਼ ਮੀਡੀਆ ਦਾ ਮਾਈਕ ਫੜਕੇ ਪਹੁੰਚਣਾ ਤੇ ਉਹਨਾਂ ਦੇ ਬਿਆਨਾਂ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨਾ। ਦੁਨੀਆਂ ਲਈ ਇਹ ਸਭ ਨਿਰਾ ਇੱਕ ਤਮਾਸ਼ਾ ਹੈ ਤੇ ਮਨੋਰੰਜਨ ਦਾ ਸਸਤਾ ਸਾਧਨ ਹੈ। ਸੋਸ਼ਲ ਮੀਡੀਆ ਤੇ ਜ਼ੋਰਾਂ ਸ਼ੋਰਾਂ ਨਾਲ ਮਸਾਲੇ ਲਾ ਲਾ ਕੇ ਪੇਸ਼ ਕਰਨਾ ਤੇ ਉਸ ਥੱਲੇ ਪਬਲਿਕ ਵੱਲੋਂ ਗੰਦੇ ਮੰਦੇ ਕੁਮੈਂਟਾਂ ਰਾਹੀਂ ਭੜਾਸ ਕੱਢਣਾ ਆਮ ਜਿਹੀ ਗੱਲ ਹੋ ਗਈ ਹੈ। ਇਸ ਤੋਂ ਪਹਿਲਾਂ ਅਪ੍ਰੈਲ 2018 ਵਿੱਚ ਸਿੱਖ ਜਥੇ ਨਾਲ ਪਾਕਿਸਤਾਨ ਵਿੱਚ ਜਾ ਕੇ ਕਿਰਨ ਬਾਲਾ ਆਪਣੇ ਪਾਕਿਸਤਾਨੀ ਪ੍ਰੇਮੀ ਮੁਹੰਮਦ ਆਜ਼ਮ ਕੋਲ਼ ਭੱਜ ਗਈ ਤੇ ਇਸਲਾਮ ਧਰਮ ਕਬੂਲ ਕਰ ਕੇ ਕਿਰਨ ਤੋਂ ਅਮੀਨਾ ਬਣ ਗਈ। ਉਸ ਦੀ ਇਸ ਕਰਤੂਤ ਨੇ ਵੀ ਇੱਕ ਦੋ ਮਹੀਨੇ ਦੁਨੀਆਂ ਭਰ ਦੇ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ ਸੀ। ਪਰ ਅੱਜ ਉਹ ਕਿਸ ਹਾਲ ਵਿੱਚ ਜ਼ਿੰਦਗੀ ਬਸਰ ਕਰ ਰਹੀ ਹੈ, ਜਿਹੜੇ ਪਿਓ ਬਾਹਰੇ ਬੱਚਿਆਂ ਨੂੰ ਉਹ ਛੱਡ ਕੇ ਭੱਜ ਗਈ ਸੀ ਉਹ ਕਿਹਨਾਂ ਹਾਲਾਤਾਂ ਵਿੱਚ ਪਲ਼ ਰਹੇ ਹਨ,ਇਸ ਨਾਲ ਕਿਸੇ ਨੂੰ ਕੋਈ



ਲੈਣਾ ਦੇਣਾ ਨਹੀਂ ਹੈ। ਆਮ ਜਨਤਾ ਵੀ ਸਿਨੇਮਾ ਘਰਾਂ ਵਿਚਲੀ ਦੋ ਤਿੰਨ ਘੰਟੇ ਦੀ ਫ਼ਿਲਮ ਦੇਖਣ ਤੋਂ ਬਾਅਦ ਜਿਵੇਂ ਅਗਲੀ ਫਿਲਮ ਦੇਖਣ ਲਈ ਤਿਆਰ ਹੋ ਜਾਂਦੇ ਹਨ ਬਿਲਕੁਲ ਉਸੇ ਤਰ੍ਹਾਂ ਹੀ ਇਹ ਖ਼ਬਰਾਂ ਉਹਨਾਂ ਲਈ ਫ਼ਿਲਮਾਂ ਵਾਂਗ ਹੀ ਹਨ।

ਚਾਹੇ ਪੱਛਮੀ ਦੇਸ਼ਾਂ ਤੋਂ ਅੰਗਰੇਜ਼ ਔਰਤਾਂ ਵੱਲੋਂ ਭਾਰਤ ਵਿੱਚ ਆ ਕੇ ਆਪਣੇ ਪ੍ਰੇਮੀਆਂ ਨਾਲ ਵਿਆਹ ਕਰਵਾਉਣ ਦੀਆਂ ਅਨੇਕਾਂ ਘਟਨਾਵਾਂ ਸਮੇਂ ਸਮੇਂ ਤੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।ਉਹ ਵੀ ਨਿਰੇ ਬੇ ਮੇਲ ਜੋੜ ਹੀ ਹੁੰਦੇ ਹਨ ਜਿਵੇਂ ਪੰਜਾਹ ਸੱਠ ਸਾਲ ਦੀ ਔਰਤ ਦਾ ਵੀਹ ਬਾਈ ਸਾਲ ਦੇ ਨੌਜਵਾਨ ਨਾਲ਼ ਵਿਆਹ ਕਰਵਾਉਣਾ ਜਾਂ ਹੋਰ ਵੀ ਕਈ ਪੱਖਾਂ ਤੋਂ ਜੋੜੀਆਂ ਦਾ ਕੋਈ ਆਪਸੀ ਮੇਲ ਨਹੀਂ ਹੁੰਦਾ। ਇਸ ਦਾ ਮੁੱਖ ਕਾਰਨ ਕਿਸੇ ਵੀ ਤਰੀਕੇ ਨਾਲ ਬਹੁਤਾ ਕਰਕੇ ਨੌਜਵਾਨਾਂ ਦਾ ਮਕਸਦ ਵਿਦੇਸ਼ਾਂ ਵਿੱਚ ਜਾ ਕੇ ਸੈੱਟ ਹੋਣਾ ਹੀ ਹੁੰਦਾ ਹੈ। ਇਹੋ ਜਿਹੇ ਵਿਆਹ ਵੀ ਮੀਡੀਆ ਵਿੱਚ ਬਹੁ ਚਰਚਿਤ ਰਹਿ ਕੇ ਸਮੇਂ ਸਮੇਂ ਤੇ ਲੋਕਾਂ ਦਾ ਖ਼ੂਬ ਮਨੋਰੰਜਨ ਕਰਦੇ ਰਹੇ ਹਨ। ਅੱਜ ਕੱਲ੍ਹ ਪੱਛਮੀ ਦੇਸ਼ਾਂ ਵਾਲੇ ਕਿੱਸਿਆਂ ਵਿੱਚ ਕੁਝ ਕਮੀ ਆਈ ਹੈ। ਗੱਲ ਮੁੱਖ ਮੁੱਦੇ ਦੀ ਕਰੀਏ ਕਿ ਕਿਰਨ ਬਾਲਾ ਉਰਫ਼ ਅਮੀਨਾ ਜਾਂ ਅੰਜੂ ਉਰਫ਼ ਫਾਤਿਮਾ ਨਾਲੋਂ ਵਰਤਦਿਆਂ ਆਪਣੀ ਮਮਤਾ ਨੂੰ ਕਲੰਕਿਤ ਨਹੀਂ ਕੀਤਾ ਤੇ ਉਸ ਨੂੰ ਕਾਇਮ ਰੱਖਿਆ । ਉਹ ਆਪਣੇ ਚਾਰ ਬੱਚਿਆਂ ਨੂੰ ਨਾਲ਼ ਲੈ ਤੁਰੀ। ਅਮੀਨਾ ਨੇ ਆਪਣੇ ਤਿੰਨ ਬੱਚਿਆਂ ਤੇ ਫਾਤਮਾ ਨੇ ਆਪਣੇ ਦੋ ਬੱਚਿਆਂ ਨੂੰ ਜਨਮ ਦੇ ਕੇ ਉਹਨਾਂ ਪ੍ਰਤੀ ਆਪਣੀ ਮਮਤਾ ਦਾ ਰੱਜ ਕੇ ਘਾਣ ਕੀਤਾ ਹੈ। ਉਹਨਾਂ ਨੂੰ ਸਾਰੀ ਉਮਰ ਲਈ ਲੋਕਾਂ ਲਈ ਮਜ਼ਾਕ ਦੇ ਪਾਤਰ ਬਣ ਕੇ ਜਾਂ ਦੁਨੀਆਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ ਨਮੋਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਛੱਡ ਗਈਆਂ।ਜਿਹੜੀ ਉਮਰ ਵਿੱਚ ਬੱਚਿਆਂ ਨੂੰ ਆਪਣੀ ਮਾਂ ਦੀ ਇੱਕ ਦੋਸਤ ਜਾਂ ਗਾਈਡ ਜਾਂ ਪ੍ਰੇਰਨਾ ਸਰੋਤ ਵਜੋਂ ਨਾਲ ਖੜ੍ਹਨ ਦੀ ਬੇਹੱਦ ਲੋੜ ਹੁੰਦੀ ਹੈ ਉਸ ਉਮਰ ਵਿੱਚ ਉਹਨਾਂ ਦੀ ਮਾਂ ਵੱਲੋਂ ਪੂਰੀ ਦੁਨੀਆਂ ਭਰ ਵਿੱਚ ਇੱਕ ਚਰਿੱਤਰਹੀਣ ਪਾਤਰ ਵਜੋਂ ਉਭਰ ਕੇ ਸਾਹਮਣੇ ਆਉਣਾ....ਇਹ ਤਾਂ ਉਹਨਾਂ ਦੇ ਬੱਚਿਆਂ ਨੂੰ ਹੀ ਪਤਾ ਹੋਵੇਗਾ ਜਿਹਨਾਂ ਉੱਪਰ ਇਹ ਬੀਤ ਰਿਹਾ ਹੋਵੇਗਾ। ਦੂਜੀ ਗੱਲ ਇਸ ਮਸਲੇ ਤੇ ਚਰਚਾ ਯੋਗ ਇਹ ਹੈ ਕਿ ਜਦੋਂ ਤੋਂ ਸੋਸ਼ਲ ਮੀਡੀਆ ਤੇ ਫੇਸਬੁੱਕ, ਇੰਸਟਾਗ੍ਰਾਮ, ਜਾਂ ਨਵੀਆਂ ਨਵੀਆਂ ਗੇਮਾਂ ਦੀਆਂ ਐਪਾਂ ਜਿਹਨਾਂ ਰਾਹੀਂ ਖੇਡ ਖੇਡਦੇ ਖੇਡਦੇ ਗੱਲਬਾਤ ਕਰਦਿਆਂ ਪ੍ਰੇਮ ਜਾਲ਼ ਵਿੱਚ ਫਸ ਜਾਣਾ ਤੇ ਫਿਰ ਇਸ ਵਿੱਚੋਂ ਨਿਕਲਣ ਦੀ ਬਜਾਏ ਇਹੋ ਜਿਹੇ ਅਨੈਤਿਕਤਾ ਵਾਲ਼ੇ ਕਦਮ ਉਠਾਉਣੇ। ਇਸ ਤੋਂ ਵੀ ਦੁਖਦਾਈ ਇਹਨਾਂ ਸਰੋਤਾਂ ਰਾਹੀਂ ਇਹਨਾਂ ਦੇ ਕਾਰਨਾਮਿਆਂ ਨੂੰ ਸੋਸ਼ਲ ਮੀਡੀਆ ਤੇ ਐਨਾ ਵਾਇਰਲ ਕਰਨਾ ਕਿ ਇਹਨਾਂ ਤੋਂ ਪ੍ਰੇਰਨਾਂ ਲੈ ਕੇ ਫਿਰ ਕਿਸੇ ਹੋਰ ਦੁਆਰਾ ਇਹੋ ਜਿਹੇ ਕਦਮ ਉਠਾ ਲੈਣਾ , ਬਹੁਤ ਹੀ ਦੁਖਦਾਈ ਹੈ। ਜਿਵੇਂ ਅੱਜ ਕੱਲ੍ਹ ਇਸ ਗੱਲ ਦੀ ਖ਼ੂਬ ਚਰਚਾ ਹੈ ਕਿ ਸੀਮਾ ਹੈਦਰ ਦੇ ਸੋਸ਼ਲ ਮੀਡੀਆ ਤੇ ਫੌਲੋਅਰ ਬਹੁ ਗਿਣਤੀ ਵਿੱਚ ਤੇਜ਼ੀ ਨਾਲ ਵਧ ਰਹੇ ਹਨ, ਇੱਥੋਂ ਤੱਕ ਕਿ ਉਸ ਨੂੰ ਫਿਲਮਾਂ ਵਿੱਚ ਕੰਮ ਕਰਨ ਦੀ ਆਫਰ ਆਉਣ ਦੀਆਂ ਖਬਰਾਂ ਫੈਲ ਰਹੀਆਂ ਹਨ। ਇਸ ਤਰ੍ਹਾਂ ਦੀਆਂ ਖ਼ਬਰਾਂ ਤੋਂ ਨੌਜਵਾਨਾਂ ਅੰਦਰ ਗ਼ਲਤ ਕੰਮ ਕਰਨ ਦੇ ਹੌਸਲੇ ਵਧਦੇ ਹਨ ਜਿਸ ਕਰਕੇ ਸੋਸ਼ਲ ਮੀਡੀਆ ਇਸ ਤਰ੍ਹਾਂ ਦੇ ਪ੍ਰੇਮ ਪ੍ਰਸੰਗਾਂ ਨੂੰ ਜਨਮ ਦੇ ਕੇ ਜਿੱਥੇ ਘਰਾਂ ਦੇ ਘਰ ਉਜਾੜ ਰਿਹਾ ਹੈ ਉੱਥੇ ਕਿੰਨੇ ਬੱਚਿਆਂ ਦੇ ਮਾਪਿਆਂ ਨੂੰ ਤੋੜ ਕੇ ਉਹਨਾਂ ਦਾ ਭਵਿੱਖ ਧੁੰਦਲਾ ਕਰ ਰਿਹਾ ਹੈ । ਉਂਝ ਤਾਂ ਪਿਆਰ ਦੇ ਪੁਜਾਰੀ ਕਹਿੰਦੇ ਹਨ ਕਿ ਪਿਆਰ ਤਾਂ ਕਿਸੇ ਵੀ ਉਮਰ ਵਿੱਚ ਕਿਸੇ ਵੀ ਧਰਮ ਅਤੇ ਜਾਤ ਪਾਤ ਦੇ ਵਿਅਕਤੀ ਨਾਲ ਹੋ ਸਕਦਾ ਹੈ ਪਰ ਆਪਣੀ ਸ਼ਖ਼ਸੀਅਤ, ਘਰਬਾਰ ,ਧਰਮ,ਸਮਾਜ ਦੀ ਇੱਜ਼ਤ ਨੂੰ ਛਿੱਕੂ ਵਿੱਚ ਪਾ ਕੇ ਟੰਗਣ ਵਾਲੀ ਬੁੱਢੀ ਔਰਤ ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਦੇ ਇਸ਼ਕ ਬਾਰੇ ਕੀ ਵਿਸ਼ਲੇਸ਼ਣ ਕੀਤਾ ਜਾਵੇ। ਆਪਣੇ ਸਮਾਜ ਦੀ ਖੁੱਲ੍ਹ ਦਾ ਫਾਇਦਾ ਉਠਾ ਕੇ ਗਈਆਂ ਇਹੋ ਜਿਹੀਆਂ ਔਰਤਾਂ ਜੋ ਗ਼ਲ ਵਿੱਚ ਚੁੰਨੀ ਪਾਉਣ ਨੂੰ ਵੀ ਬੰਦਿਸ਼ ਸਮਝਦੀਆਂ ਹਨ ਉੱਥੋਂ ਉਹਨਾਂ ਦੀਆਂ ਤਸਵੀਰਾਂ ਜਦ ਨਸ਼ਰ ਹੁੰਦੀਆਂ ਹਨ ਤਾਂ ਸ਼ਾਲੂ ਲਪੇਟ ਕੇ ਸਿਰ ਮੂੰਹ ਢਕ ਕੇ ਬੈਠੀਆਂ ਨਜ਼ਰ ਆਉਂਦੀਆਂ ਹਨ। ਬਾਅਦ ਵਿੱਚ ਉੱਥੇ ਉਹਨਾਂ ਦਾ ਕੀ ਹਸ਼ਰ ਹੁੰਦਾ ਹੈ ਇਹ ਵੀ ਸਾਰੀ ਦੁਨੀਆਂ ਸਾਹ-ਮਣੇ ਲਿਆਉਣਾ ਚਾਹੀਦਾ ਹੈ ਤਾਂ ਜੋ ਉਸ ਤੋਂ ਵੀ ਲੋਕਾਂ ਕੁਝ ਸਿੱਖਣ ਨੂੰ ਮਿਲ਼ੇ। ਉੱਥੇ ਜਾ ਕੇ ਇਹ ਔਰਤਾਂ ਗੁੰਮਸ਼ੁਦਗੀ ਦੀ ਜ਼ਿੰਦਗੀ ਜਿਊਣ ਲੱਗਦੀਆਂ ਹਨ, ਇਹਨਾਂ ਦੀ ਭਾਫ਼ ਤੱਕ ਬਾਹਰ ਨਹੀਂ ਨਿਕਲਦੀ ਜੋ ਸਾਡੇ ਸਮਾਜ ਵਿੱਚ ਵਿਚਰਦਿਆਂ ਸੋਸ਼ਲ ਮੀਡੀਆ ਦੀਆਂ ਸਟਾਰ ਬਣੀਆਂ ਹੁੰਦੀਆਂ ਹਨ। ਉਹ ਕਿਹੜੇ ਮਾੜੇ ਹਾਲਾਤਾਂ ਵਿੱਚ ਉੱਥੇ ਜੀਵਨ ਬਸਰ ਕਰਦੀਆਂ ਹਨ ਇਹਨਾਂ ਸਾਰੀਆਂ ਔਰਤਾਂ ਦੀ ਉਹ ਤਸਵੀਰ ਵੀ ਜ਼ਰੂਰ ਸਾਹਮਣੇ ਆਉਣੀ ਚਾਹੀਦੀ ਹੈ। ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਅਤੇ ਸਰਕਾਰ ਨੂੰ ਧੋਖਾ ਦੇ ਕੇ ਜਾਣ ਵਾਲੇ ਇਹੋ ਜਿਹੇ ਲੋਕਾਂ ਨੂੰ ਵਾਪਿਸ ਲਿਆਉਣ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਇੱਥੇ ਦੇ ਕਾਨੂੰਨ ਅਨੁਸਾਰ ਉਹਨਾਂ ਉੱਤੇ ਸਖ਼ਤ ਕਾਰਵਾਈ ਕੀਤੀ ਜਾ ਸਕੇ।



ਬਰਜਿੰਦਰ ਕੌਰ ਬਿਸਰਾਓ...
99889-01324

ਪਤਨੀ ਜੀ ਦੇ ਜਨਮਦਿਨ ਤੇ ਵਿਸ਼ੇਸ਼ (ਜਨਮ ਦਿਨ ਮੁਬਾਰਕ)

ਅੱਜ ਸਤਾਰਾਂ ਨਵੰਬਰ ਹੈ ਤੇ ਕੱਲ੍ਹ ਅਠਾਰਾਂ ਨਵੰਬਰ ਨੂੰ ਮੇਰੀ ਬੇਗਮ ਸਾਹਿਬਾਂ ਦਾ ਜਨਮਦਿਨ ਹੈ। ਬੇਗਮ ਇਸ ਲਈ ਲਿਖਿਆ ਹੈ ਇਸਨੇ ਮੇਰੇ ਸਾਰੇ ਗਮ ਲੈਕੇ ਮੈਨੂੰ ਬੇਗਮ ਕਰ ਦਿੱਤਾ ਹੈ। ਸੋ ਹੈਪੀ ਬਰਥ ਡੇ ਲਿਖਕੇ ਵੀ ਬੁੱਤਾ ਸਾਰਿਆ ਜਾ ਸਕਦਾ ਹੈ ਪਰ ਨਹੀਂ, ਅੱਜ ਮੈਂ ਇਸ ਬਾਰੇ ਬਹੁਤ ਕੁਝ ਲਿਖਣਾ ਹੈ। ਮੈਂ ਧਾਰਾ 164 ਦੇ ਅਧੀਨ ਆਪਣੇ ਬਿਆਨ ਦਰਜ਼ ਕਰਾਉਣੇ ਚਾਹੁੰਦਾ ਹਾਂ। ਰੱਬ ਨੇ ਮੇਰੇ ਜਿੱਦੀ, ਕੱਬੇ ਅਤੇ ਅੜੀਅਲ ਸੁਭਾਅ ਨੂੰ ਦੇਖਦੇ ਹੋਏ ਮੇਰੇ ਜਨਮ ਤੋਂ ਠੀਕ ਤਿੰਨ ਸੌ ਇਕਾਨਵੇਂ ਦਿਨ ਪਹਿਲਾਂ ਹੀ ਸਾਹਿਬਾਂ ਨੂੰ ਇਸ ਸੰਸਾਰ ਵਿੱਚ ਭੇਜ ਦਿੱਤਾ। ਕਿਉਂਕਿ ਉਹ ਜਾਣਦਾ ਸੀ ਕਿ ਇਸ ਬੰਦੇ ਲਈ ਸਭ ਤੋਂ ਵਧੀਆ ਤੋਹਫ਼ਾ ਇਹੀ ਹੈ। ਉਹ ਇਹ ਚੰਗਾ ਸਮਾਨ ਅਗੇਤਾ ਹੀ ਤਿਆਰ ਕਰ ਬੈਠਾ ਸੀ। ਇਸ ਲਈ ਉਸਨੇ ਇਸ ਨਾਲ ਮੇਰੇ ਪੱਕੇ ਸੰਯੋਗ ਲਿਖ ਦਿੱਤੇ ਅਤੇ ਆਪਣੀ ਮੋਹਰ ਪਹਿਲਾਂ ਹੀ ਲਗਾ ਦਿੱਤੀ ਸੀ।

24 ਮਾਰਚ 1985 ਤੋਂ ਲੈਕੇ ਮੈਂ ਕਦੇ ਇਸ ਸਖਸ਼ੀਅਤ ਦੀ ਮੂੰਹ ਤੇ ਤਾਰੀਫ ਨਹੀਂ ਕੀਤੀ।ਅੱਜ ਮੈਂ ਇਹ ਸ਼ਰੇਆਮ ਕਬੂਲ ਕਰਦਾ ਹਾਂ। ਸਗੋਂ ਹਰ ਵਾਰੀ ਇਸ ਦੀਆਂ ਕਮੀਆਂ ਹੀ ਜਾਹਿਰ ਕੀਤੀਆਂ ਹਨ। ਇਸ ਨੂੰ ਮੇਰੀ ਆਕੜ, ਮੇਰਾ ਸੁਭਾਅ ਜਾਂ ਮੇਰਾ ਬਚਕਾਣਾ ਮਰਦਪੁਣਾ ਕਿਹਾ ਜਾ ਸਕਦਾ ਹੈ। ਬਚਪਨ ਤੋਂ ਹੀ ਮੈਨੂੰ ਮੇਰੀ ਮਾਂ ਦੇ ਹੱਥਾਂ ਦੀ ਬਣੀ ਰੋਟੀ ਦਾਲ ਸਬਜੀ ਜਾਂ ਹੋਰ ਖਾਣਾ ਹੀ ਪਸੰਦ ਸੀ। ਪਰ ਜਦੋ ਦਾ ਇਸਨੇ ਮੇਰੀ ਕਿਚਨ ਦਾ ਚਾਰਜ ਸੰਭਾਲਿਆ ਮੈਨੂੰ ਕਿਸੇ ਹੋਰ ਦੇ ਹੱਥਾਂ ਦਾ ਬਣਿਆ ਖਾਣਾ ਪਸੰਦ ਨਹੀਂ ਆਉਂਦਾ। ਮੈਂ ਖਾਣੇ ਦੀ ਰੰਗਤ ਦੇਖਕੇ ਜਾਂ ਪਹਿਲੀ ਗਰਾਹੀ ਚਖਕੇ ਹੀ ਦੱਸ ਦਿੰਦਾ ਹਾਂ ਕਿ ਅੱਜ ਖਾਣਾ ਇਸਨੇ ਨਹੀਂ ਬਣਾਇਆ। ਉਂਜ ਵੀ ਮੇਰੇ ਯਾਦ ਨਹੀਂ ਕਿ ਆਪਣੇ ਵਿਆਹਿਕ ਜੀਵਨ ਵਿੱਚ ਮੈਂ ਘਰੇ ਕਦੇ ਆਪੇ ਚੁੱਕਕੇ ਪਾਣੀ ਦਾ ਗਿਲਾਸ ਪੀਤਾ ਹੋਵੇ। ਇਸ ਦੇ ਹੱਥ ਦਾ ਪਾਣੀ ਹੀ ਮੇਰੀ ਪਿਆਸ ਬੁਝਾਉਂਦਾ ਹੈ। ਇਹ ਸ਼ਾਇਦ ਮੇਰੀ ਕਮਜ਼ੋਰੀ ਹੈ ਜਾਂ ਪਾਣੀ ਦਾ ਸਵਾਦ ਬਦਲਣ ਦਾ ਆਪਣਾ ਤਰੀਕਾ। ਮਨੁੱਖੀ ਦੇਹਿ ਤੇ ਅਕਸਰ ਹੀ ਤਕਲੀਫ਼ਾਂ ਆਉਂਦੀਆਂ ਰਹਿੰਦੀਆਂ ਹਨ। ਇਸਦੇ ਦੁਖਦੇ ਸੁਖਦੇ ਪਲਾਂ ਨੂੰ ਮੈਂ ਦਿਲੋਂ ਮਹਿਸੂਸ ਤਾਂ ਕਰਦਾ ਹਾਂ ਪਰ ਕਦੇ "ਕੀ ਹਾਲ ਹੈ ਹੁਣ? ਕੋਈ ਫਰਕ ਪਿਆ? ਦਰਦ ਘਟਿਆ ਕੁਝ?" ਵਰਗੇ ਹਮਦਰਦੀ ਭਰੇ ਬੋਲ ਨਹੀਂ ਬੋਲ ਸਕਿਆ। ਇਸਨੂੰ ਵੀ ਮੇਰੀ ਤੰਗਦਿਲੀ ਜਾਂ ਸੰਗਦਿਲੀ ਕਿਹਾ ਜਾ ਸਕਦਾ ਹੈ। ਹਾਲਾਂਕਿ ਇਹ ਆਪਣੀ ਤਕਲੀਫ ਤਾਂ ਬਰਦਾਸ਼ਤ ਕਰ ਲੈਂਦੀ ਹੈ ਪਰ ਮੇਰੀ ਤਕਲੀਫ ਇਸ ਤੋਂ ਭੋਰਾ ਵੀ ਬਰਦਾਸ਼ਤ ਨਹੀਂ ਹੁੰਦੀ। ਮੈਨੂੰ ਤਕਲੀਫ ਜਾਂ ਦਰਦ ਵਿੱਚ ਵੇਖਕੇ ਇਹ ਹਾਲ ਦੁਹਾਈ ਪਾ ਦਿੰਦੀ ਹੈ। ਇਸੇ ਲਈ ਕਈ ਵਾਰੀ ਮੈ ਆਪਣੀ ਤਕਲੀਫ ਵੀ ਇਸ ਤੋਂ ਛਿਪਾਉਣ ਦੀ ਕੋਸ਼ਿਸ਼ ਕਰਦਾ ਹਾਂ। ਬਿਮਾਰੀ ਦੀ ਹਾਲਤ ਵਿੱਚ ਵੀ ਇਸਨੇ ਕਦੇ ਨਹੀਂ ਕਿਹਾ ਕਿ "ਅੱਜ ਮੈਥੋਂ ਰੋਟੀ ਨਹੀਂ ਪੱਕਦੀ। ਜਾਂ ਰੋਟੀ ਪੱਕੀ ਪਈ ਹੈ ਆਪੇ ਪਾਕੇ ਖਾ ਲਵੋ।" ਇਸ ਨੂੰ ਇਹ ਗੁੜਤੀ ਖੌਰੇ ਆਪਣੀ ਮਾਂ ਤੋਂ ਮਿਲੀ ਹੈ ਜਾਂ ਆਪਣੀ ਨਾਨੀ ਤੋਂ।

ਇੱਕ ਔਰਤ ਦਾ ਫਰਜ਼ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਹੀ ਨਹੀਂ ਹੁੰਦਾ। ਚੰਗੀ ਔਰਤ ਉਹ ਹੈ ਜੋ ਆਏ ਮਹਿਮਾਨ ਨੂੰ ਵੀ ਬਣਦਾ ਸਨਮਾਨ ਦੇਵੇ। ਜਾਂ ਕਿਸੇ ਗ਼ੈਰ ਨੂੰ ਵੀ ਘਰੋਂ ਭੁੱਖਾ ਨਾ ਜਾਣ ਦੇਵੇ। ਅੱਜ ਤੱਕ ਕੋਈ ਵੀ ਮਹਿਮਾਨ ਸਾਡੇ ਘਰੋਂ ਖਾਣੇ ਤੋਂ ਅਸੰਤੁਸ਼ਟ ਹੋਕੇ ਨਹੀਂ ਗਿਆ। ਸਗੋਂ ਇੱਕ ਵਾਰੀ ਆਇਆ ਮਹਿਮਾਨ ਕਈ ਕਈ ਸਾਲ ਖਾਣੇ ਦੀਆਂ ਤਰੀਫਾਂ ਕਰਦਾ ਨਹੀਂ ਥੱਕਦਾ। ਹੋਰ ਤਾਂ ਹੋਰ ਬਹੁਤੇ ਵਾਰੀ ਸਭ ਦੇ ਰੋਕਦੇ ਰੋਕਦੇ ਦੋ ਸੇਬ ਕੱਟਣ ਲੱਗਿਆ ਭੋਰਾ ਨਹੀਂ ਸੋਚਦੀ। ਅਗਲੇ ਦੇ ਨਾਂਹ ਨਾਂਹ ਕਰਦੇ ਵੀ ਲਿਮਕੇ ਦੀ ਬੋਤਲ ਦਾ ਝੱਟ ਗਲਾ ਮਰੋੜ ਦਿੰਦੀ ਹੈ। ਅੱਜ ਤੱਕ ਮੈਨੂੰ ਮਿਲਣ ਆਉਣ ਵਾਲਿਆਂ ਲਈ ਕੌਫੀ ਬਣਾਉਣ ਵੇਲੇ ਇਸ ਨੇ ਕਦੇ ਮੱਥੇ ਵੱਟ ਨਹੀਂ ਪਾਇਆ। ਉਂਜ ਮੇਰੇ ਆਸ਼ਰਮ ਵਿੱਚ ਆਉਣ ਵਾਲਿਆਂ ਦਾ ਤਾਂ ਤਾਂਤਾ ਲੱਗਿਆ ਹੀ ਰਹਿੰਦਾ ਹੈ। ਜੇ ਕੋਈ ਨਾ ਆਵੇ ਤਾਂ ਮੈਂ ਆਪ ਹੀ ਫੋਨ ਕਰਕੇ ਸੱਦ ਲੈਂਦਾ ਹਾਂ। ਜੇ ਕਿਤੇ ਮਹਿਮਾਨ ਨਿਵਾਜੀ ਨੂੰ ਸਨਮਾਨਿਤ ਕਰਨ ਦਾ ਰਿਵਾਜ ਹੁੰਦਾ ਤਾਂ ਹਰ

ਸਾਲ ਦਾ ਫਸਟ ਪ੍ਰਾਇਜ ਮੇਰੀ ਹਮਸਫਰ ਦਾ ਪੱਕਾ ਸੀ। ਬੈਸਟ ਮੇਜ਼ਬਾਨ ਆਫ ਦਾ ਈਅਰ।

ਸੁਣਿਆ ਸੀ ਕਿ ਔਰਤ ਤਿਆਗ ਦੀ ਮੂਰਤੀ ਹੁੰਦੀ ਹੈ। ਪਰ ਹੁਣ ਅੱਖੀਂ ਵੇਖਕੇ ਤਸੱਲੀ ਹੁੰਦੀ ਹੈ। ਮੇਰੀ ਸ਼ਰੀਕ ਏ ਹਯਾਤ ਨੇ ਆਪਣੇ ਜੀਵਨ ਵਿਚ ਬਹੁਤ ਵੱਡਾ ਤਿਆਗ ਕੀਤਾ ਹੈ ਜੋ ਹਜ਼ਾਰ ਮਗਰ ਇੱਕ ਨਹੀਂ ਸ਼ਾਇਦ ਲੱਖ ਮਗਰ ਇੱਕ ਦੇ ਹਿੱਸੇ ਆਉਂਦਾ ਹੋਵੇਗਾ। ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਅਤੇ ਉਸ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਇਸ ਤੋਂ ਵੱਡਾ ਤਿਆਗ ਕੋਈ ਨਹੀਂ ਕਰ ਸਕਦਾ। ਇਸ ਗੱਲ ਨੂੰ ਮੈਂ ਦਿਲੋ ਮਹਿਸੂਸ ਹੀ ਨਹੀਂ ਕਰਦਾ ਸਗੋਂ ਇਸਨੂੰ ਆਪਣੇ ਉਪਰ ਇੱਕ ਅਹਿਸਾਨ ਵੀ ਸਮਝਦਾ ਹਾਂ। ਜਿਸਦਾ ਕੋਈ ਮੁੱਲ ਨਹੀਂ। ਅਨਮੋਲ ਹੈ। ਮੇਰੀ ਮਾਂ ਨਾਲ ਮੇਰਾ ਬਹੁਤ ਲਗਾਵ ਸੀ। ਪਰ ਇਸਤੋਂ ਵੀ ਵੱਧ ਲਗਾਵ ਇਸਦਾ ਸੀ। ਫੋਰਟਿਸ ਹਸਪਤਾਲ ਵਿੱਚ ਇਸਨੂੰ ਰੋਂਦੀ ਆਉਂਦੀ ਦਾ ਵੇਖਣ ਵਾਲਾ ਸੀਨ ਮੈਂ ਤਾਉਮਰ ਨਹੀਂ ਭੁੱਲ ਸਕਦਾ। ਜਦੋ ਬੈਠੇ ਲੋਕਾਂ ਨੂੰ ਲੱਗਿਆ ਕਿ ਇੱਕ ਧੀ ਆਪਣੀ ਮਾਂ ਨੂੰ ਮਿਲਕੇ ਆਈ ਹੈ ਪਰ ਇਹ ਤਾਂ ਨੂੰਹ ਸੀ। ਤੇ ਜਦੋਂ ਮੈਂ ਇਸਦੇ ਇੱਕ ਸੱਸ ਦੇ ਰੂਪ ਨੂੰ ਦੇਖਦਾ ਹਾਂ ਤਾਂ ਉਦੋਂ ਵੀ ਲੱਗਦਾ ਹੈ ਇਹ ਸੱਸ ਨਹੀਂ ਸਗੋਂ ਇੱਕ ਮਾਂ ਹੈ। ਜੇ ਇਸਨੇ ਇੱਕ ਸੱਸ ਦੀ ਆਪਣੀ ਮਾਂ ਵਾਂਗੂ ਸੇਵਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਤਾਂ ਨੂੰਹਾਂ ਨੂੰ ਧੀਆਂ ਸਮਝਣ ਵਿੱਚ ਕਦੇ ਕੋਤਾਹੀ ਨਹੀਂ ਕੀਤੀ। ਪੋਤੀ ਦਾ ਰਿਸ਼ਤਾ ਤਾਂ ਦਿਲ ਦੀ ਧੜਕਣ ਨਾਲ ਜੁੜਿਆ ਹੈ।

ਰਿਸ਼ਤਿਆਂ ਦੀ ਗੱਲ ਤਾਂ ਇੱਕ ਪਾਸੇ ਇਹ ਤਾਂ ਆਪਣੀਆਂ ਕੰਮ ਵਾਲੀਆਂ ਨਾਲ ਆਪਣੇ ਚੰਗੇ ਵਿਹਾਰ ਕਰਕੇ ਜਾਣੀ ਜਾਂਦੀ ਹੈ। ਤੇ ਕੰਮ ਵਾਲੀਆਂ ਦੇ ਹਮੇਸ਼ਾ ਨਾਲ ਖੜ੍ਹਦੀ ਹੈ।

ਟੋਕਰੇ ਵਿੱਚ ਪਏ ਭਾਂਡਿਆਂ ਦੇ ਖੜਕਣ ਤੇ ਸੱਚੀ ਗੱਲ ਕਹਿਣ ਵਾਲੇ ਦੀ ਮੂੰਹ ਤੋਂ ਨਿਕਲਦੀ ਗੱਲ ਨੂੰ ਕੋਈ ਨਹੀਂ ਰੋਕ ਸਕਦਾ।

ਅਠਾਰਾਂ ਨਵੰਬਰ 1959 ਨੂੰ ਮਹਿਮਾ ਸਰਕਾਰੀ ਦੇ ਸ੍ਰੀ ਮੋਹਨ ਲਾਲ ਗਰੋਵਰ ਦੇ ਘਰ ਵੱਡੀ ਪੋਤੀ ਵਜੋਂ ਕਿਲਕਾਰੀ ਮਾਰਨ ਵਾਲੀ ਮੇਰੀ ਹਮਸਫਰ ਸ੍ਰੀ ਮੁਕਤਸਰ ਸਾਹਿਬ ਦੇ ਗਗੜ ਪਿੰਡ ਵਾਲੇ ਸ੍ਰੀ ਮੁਨਸ਼ੀ ਰਾਮ ਬੱਬਰ ਦੀ ਦੋਹਤੀ ਹੈ। ਪਿਤਾ ਸ੍ਰੀ ਬਸੰਤ ਰਾਮ ਗਰੋਵਰ ਅਤੇ ਮਾਤਾ ਪੂਰਨਾ ਦੇਵੀ ਨੇ ਵਧੀਆ ਸੰਸਕਾਰ ਚੰਗੀ ਤਾਲੀਮ ਦੇਕੇ ਅਤੇ ਇਸਦਾ ਕੰਨਿਆ ਦਾਨ ਕਰਕੇ ਮੇਰਾ ਜੀਵਨ ਸੰਵਾਰਨ ਦਾ ਰਾਹ ਪੱਧਰਾ ਕੀਤਾ।

ਕੇਕ ਤੇ ਲੱਗੀਆਂ ਮੋਮ ਬੱਤੀਆਂ ਨੂੰ ਮੂੰਹ ਦੀ ਫੂਕ ਮਾਰਕੇ ਬੁਝਾਉਣ ਅਤੇ ਛੁਰੀ ਨਾਲ਼ ਕੇਕ ਕੱਟਣ ਨੂੰ ਜਨਮ ਦਿਨ ਮਨਾਉਣਾ ਨਹੀਂ ਕਹਿੰਦੇ। ਅਸਲ ਜਨਮ ਦਿਨ ਕਿਸੇ ਦੀਆਂ ਚੰਗਿਆਈਆਂ ਨੂੰ ਪਕੜਨਾ ਹੁੰਦਾ ਹੈ। ਤੇ ਬੁਰਾਈਆਂ ਤੋਂ ਪਾਸਾ ਵੱਟਣਾ ਹੁੰਦਾ ਹੈ। ਜਨਮ ਦਿਨ ਤੇ ਤੇਰੀਆਂ ਖੂਬੀਆਂ ਨੂੰ ਯਾਦ ਕਰਨਾ ਕਮੀਆਂ ਨੂੰ ਅੱਖ ਪਰੋਖੇ ਕਰਨਾ ਅਤੇ ਆਪਣੀਆਂ ਕਮੀਆਂ ਦਾ ਖੁੱਲ੍ਹਕੇ ਇਜ਼ਹਾਰ ਕਰਨਾ ਹੀ ਮੇਰੇ ਵੱਲੋਂ ਤੈਨੂੰ ਵੱਡਾ ਗਿਫ਼ਟ ਹੈ। ਪਰਮਾਤਮਾ ਅੱਗੇ ਇਹ ਹੀ ਦੁਆ ਹੈ ਕਿ ਤੇਰੇ ਹੱਥ ਦੀ ਪੱਕੀ ਰੋਟੀ ਤੇ ਦਾਲ ਤਾਉਮਰ ਹੀ ਮਿਲਦੀ ਰਹੇ।

ਹੋਰ ਆਪਾਂ ਬਾਹਰ ਬਣੇ ਸ਼ਾਹੀ ਪਨੀਰ ਤੋਂ ਕੀ ਲੈਣਾ ਹੈ।

ਰਮੇਸ਼ ਸੇਠੀ ਬਾਦਲ

18 ਨਵੰਬਰ 2025

ਸਮਾਜ ਵੀਕਲੀ ਨਿਊਜ